# ਪਾਕ ਮੁਹੰਮਦ ਸਲੱਲਾਹੁ ਅਲੈਹਿ ਵਸਲੱਮ

# ਨਾਲ ਸੱਚੇ ਪ੍ਰੇਮ ਦਾ ਪ੍ਰਗਟਾਵਾ

## ਅਹਮਦੀਆ ਮੁਸਲਿਮ ਜਮਾਤ ਦੇ ਪੰਜਵੇਂ ਰੂਹਾਨੀ ਖ਼ਲੀਫ਼ਾ

## ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਦਾ

## ਖ਼ੁਤਬਾ ਜੁਮੱਾ ਮਿਤੀ 21 ਸਤੰਬਰ 2012 ਈ.

ਅਨੁਵਾਦਕ

ਗਿ. ਸ਼ਮਸ਼ਾਦ ਅਹਮਦ ਅਦਨ ਬੀ.ਏ.ਬੀ.ਐਡ.

ਪ੍ਰਕਾਸ਼ਕ

ਨਜ਼ਾਰਤ ਨਸ਼ਰੋ ਇਸ਼ਾਤ, ਸਦਰ ਅੰਜੁਮਨ ਅਹਮਦੀਆ ਕਾਦੀਆਂ

ਵਧੇਰੇ ਜਾਨਕਾਰੀ ਲਈ ਸੰਪਰਕ ਕਰੋ

ਆਫ਼ਿਸ : ਨਜ਼ਾਰਤ ਦਾਵਤ ਇਲਲੱਾਹ ਜਾਂ ਆਫ਼ਿਸ : ਨਜ਼ਾਰਤ ਇਸਲਾਹ ਵ ਇਰਸ਼ਾਦ

ਮੁਹਲੱਾਹ ਅਹਮਦੀਆ, ਕਾਦੀਆਂ, ਜ਼ਿਲਾ – ਗੁਰਦਾਸਪੁਰ, ਪੰਜਾਬ (ਭਾਰਤ)

ਟੈਲੀਫ਼ੋਨ : 01872-220757, 01872-222763

ਟੋਲ ਫ਼੍ਰੀ ਨੰ. 18001802131 (ਸਮਾਂ : ਸਵੇਰੇ 10 ਵਜੇ ਤੋਂ ਰਾਤ 10 ਵਜੇ ਤੱਕ)

# TRUE LOVE FOR THE HOLY PROPHET

Pak Mohammad s.a.w. nal sachche prem da pargtawa

BY:

HAZRAT MIRZA MASROOR AHMAD

Imam and the Head of the world wide Ahmadiyya Muslim Jma'at,
Fifth Successor to the promised messiah

1st addition oct. 2012

Copies 5000

Translation into Punjabi language By :

Giani Shamshad Ahmad Eden B.A. B.Ed.

Published By :

NAZARAT NASHRO ISHAAT, QADIAN

Printed at :

Fazle Umar Printring press, Qadian

For further information pLease visit :

www.alaislam.org

Toll Free No. 18001802131

# ਮੁੱਖ ਬੰਦ

ਕੁਝ ਸਮਾਂ ਪਹਿਲਾਂ ਹੀ ਇਸਲਾਮ ਅਤੇ ਇਸਲਾਮ ਦੇ ਬਾਨੀ ਹਜ਼ਰਤ ਮੁਹਮੱਦ ਸਲਲਾਹੁ ਅਲੈਹਿ ਵਸਲੱਮ ਦੇ ਖ਼ਿਲਾਫ਼ ਅੰਤਰ ਰਾਸ਼ਟਰੀ ਪਧੱਰ 'ਤੇ ਕੀਨਾ ਕਢੱਣ ਲਈ ਨਿੰਦਣ ਯੋਗ ਯਤਨ ਕੀਤਾ ਗਿਆ ਹੈ । ਵਿਚਾਰਾਂ ਦੀ ਆਜ਼ਾਦੀ ਅਤੇ ਪੱਛਮੀ ਸੱਭਿਅਤਾ ਦੀ ਆੜ ਵਿੱਚ ਭੈੜੀ ਭਾਸ਼ਾ ਦੀ ਵਰਤੋਂ, ਨਾਪਾਕ ਬਿਆਨ ਬਾਜ਼ੀ, ਇਸਲਾਮੀ ਸਿੱਖਿਆਵਾਂ ਅਤੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੇ ਪਤਿੱਰ ਜੀਵਨ ਉਪੱਰ ਬੇ ਬੁਿਣਆਦ ਆਰੋਪ, ਘੱਟੀਆ ਪ੍ਰੋਪੇਗੰਡਾ, ਆਪ ਜੀ ਦੇ ਉੱਚੇ ਤੇ ਸੁੱਚੇ ਆਚਰਣ ਉਪੱਰ ਅਤੇ ਇਸਲਾਮ 'ਤੇ ਧਰਮ ਭਰਸ਼ਟਤਾ ਦੀਆਂ ਆਲੋਚਨਾਵਾਂ ਨੂੰ ਚਲਾਈ ਰੱਖਿਆ ਗਿਆ ਹੈ ।

ਅੰਤਰ ਰਾਸ਼ਟਰੀ ਜਮਾਤ ਅਹਮਦੀਆ ਦੇ ਪੰਜਵੇਂ ਰੂਹਾਨੀ ਖ਼ਲੀਫ਼ਾ (ਇਮਾਮ) ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਨੇ ਆਪਣੇ 21 ਸਤੰਬਰ 2012 ਈ. ਦੇ ਜੁੱਮੇ ਦੇ ਖ਼ੁਤਬੇ (ਪਰਵਚਨ) ਵਿੱਚ ਜੋ ਅਹਮਦੀਆ ਮਸਜਿਦ ਬੈਤੁਲ ਫ਼ੁਤੂਹ ਮਾਡਰਨ ਲੰਡਨ ਵਿੱਚ ਫਿਲਮ ਅਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲਲੱਮ ਦੇ ਵਿਰੁਧ ਬੇਹੂਦਾ ਚਿਤੱਰ (ਕਾਰਟੂਨ) ਦੀ ਫ਼ਰਾਂਸ ਦੇ ਮੈਗ਼ਜ਼ੀਨ ਵਿੱਚ ਪ੍ਰਕਾਸ਼ਨਾ ਦੀ ਪ੍ਰਤੀਕ੍ਰਿਆ ਦਾ ਪ੍ਰਗਟਾਵਾ ਕੀਤਾ । ਇਸ ਜੁੱਮੇ ਦੇ ਖ਼ੁਤਬੇ ਵਿੱਚ ਹਜ਼ੂਰ ਨੇ ਇਕ ਅਹਮਦੀ ਮੁਸਲਮਾਨ ਦੀ ਪ੍ਰਤੀਕ੍ਰਿਆ ਕੀ ਹੋਣੀ ਚਾਹੀਦੀ ਹੈ, ਉਸ ਉਪੱਰ ਚਾਨ੍ਹਣਾ ਪਾਇਆ ਹੈ । ਆਪ ਜੀ ਦੇ ਇਸ ਜੁੱਮੇ ਦੇ ਖ਼ੁਤਬੇ (ਪਰਵਚਨਾਂ) ਨੂੰ ਪੰਫ਼ਲੈਟ ਦੇ ਰੂਪ ਵਿੱਚ ਮਾਰਗ ਦਰਸ਼ਨਾ ਲਈ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ । ਸਾਨੂੰ ਚਾਹੀਦਾ ਹੈ ਕਿ ਅਸੀਂ ਇਸ ਖ਼ੁਤਬੇ ਨੂੰ ਆਪ ਵੀ ਗ਼ੌਰ ਨਾਲ ਅਧਿਸਐਨ ਕਰੀਏ ਅਤੇ ਇਸ ਨੂੰ ਮੁਫ਼ਤ ਵੰਡੀਏ ।

ਮੁਨੀਰੁੱਦੀਨ ਸ਼ਮਸ

ਐਡੀਸ਼ਨਲ ਵਕੀਲੁਤੱਸਨੀਫ਼

ਲੰਡਨ, 1 ਅਕਤੂਬਰ 2012

بِسۡمِ اللّٰہِ الرَّحۡمٰنِ الرَّحِیۡمِ ——— نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ
وَعَلٰی عَبۡدِہِ الۡمَسِیۡحِ الۡمَوۡعُوۡدِ

# ਪਾਕ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨਾਲ ਸੱਚੇ ਪ੍ਰੇਮ ਦਾ ਪ੍ਰਗਟਾਵਾ

## ਅਹਮਦੀਆ ਮੁਸਲਿਮ ਜਮਾਤ ਦੇ ਪੰਜਵੇਂ ਰੂਹਾਨੀ ਖ਼ਲੀਫ਼ਾ

## ਹਜ਼ਰਤ ਮਿਰਜ਼ਾ ਮਸਰੂਰ ਅਹਮਦ ਸਾਹਬ ਦਾ

## ਖ਼ੁਤਬਾ (ਭਾਸ਼ਣ) ਜੁਮੱਾ (ਸ਼ੁਕੱਰਵਾਰ) ਮਿਤੀ 21 ਸਤੰਬਰ 2012 ਈ.

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ

أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ - بِسْمِ اللّٰهِ الرَّحْمٰنِ الرَّحِيْمِ

اَلۡحَمۡدُ لِلّٰہِ رَبِّ الۡعٰلَمِیۡنَ ۔ الرَّحۡمٰنِ الرَّحِیۡمِ ۔ مٰلِکِ یَوۡمِ الدِّیۡنِ ۔ اِیَّاکَ نَعۡبُدُ وَ اِیَّاکَ
نَسۡتَعِیۡنُ ۔ اِہۡدِنَا الصِّرَاطَ الۡمُسۡتَقِیۡمَ ۔ صِرَاطَ الَّذِیۡنَ اَنۡعَمۡتَ عَلَیۡہِمۡ غَیۡرِ الۡمَغۡضُوۡبِ
عَلَیۡہِمۡ وَلَا الضَّآلِّیۡنَ

اِنَّ اللّٰہَ وَمَلٰٓئِکَتَہٗ یُصَلُّوۡنَ عَلَی النَّبِیِّ ۔ یٰۤاَیُّہَا الَّذِیۡنَ اٰمَنُوۡا صَلُّوۡا عَلَیۡہِ وَسَلِّمُوۡا تَسۡلِیۡمًا ۔ اِنَّ
الَّذِیۡنَ یُؤۡذُوۡنَ اللّٰہَ وَرَسُوۡلَہٗ لَعَنَہُمُ اللّٰہُ فِی الدُّنۡیَا وَالۡاٰخِرَۃِ وَاَعَدَّ لَہُمۡ عَذَابًا مُّہِیۡنًا

ਇਹਨਾਂ ਆਇਤਾਂ ਦਾ ਅਰਥ ਇਹ ਹੈ ਕਿ ਅਵੱਸ਼ ਹੀ ਅਲੱਾਹ ਤੇ ਉਸਦੇ ਫ਼ਰਿਸ਼ਤੇ ਨਬੀ ਉਪੱਰ ਰਹਿਮਤ ਭੇਜਦੇ ਹਨ । ਹੇ! ਉਹ ਲੋਕੋ ਜੋ ਈਮਾਨ ਲਿਆਏ ਹੋ ਤੁਸੀਂ ਵੀ ਉਸ 'ਤੇ ਦੁਰੂਦ ਤੇ ਸਲਾਮ ਭੇਜੋ । ਯਕੀਨਨ ਉਹ ਲੋਕ

ਜੋ ਅਲੱਾਹ ਤੇ ਉਸਦੇ ਰਸੂਲ ਨੂੰ ਦੁੱਖ ਪਹੁੰਚਾਉਂਦੇ ਹਨ, ਅਲੱਾਹ ਨੇ ਉਹਨਾਂ ’ਤੇ ਇਸ ਦੁਨੀਆ ਵਿੱਚ ਵੀ ਲਾਨ੍ਹਤ ਪਾਈ ਹੈ ਅਤੇ ਅੰਤ (ਆਖ਼ਰਤ) ਵਿੱਚ ਵੀ ਅਤੇ ਉਸਨੇ ਉਹਨਾਂ ਲਈ ਹੀਣਤਾ ਭਰਿਆ ਅਜ਼ਾਬ ਤਿਆਰ ਕੀਤਾ ਹੋਇਆ ਹੈ ।

ਅੱਜ ਕੱਲ ਮੁਸਲਿਮ ਦੁਨੀਆ ਵਿੱਚ, ਇਸਲਾਮੀ ਦੇਸ਼ਾਂ ਵਿੱਚ ਵੀ, ਅਤੇ ਦੁਨੀਆ ਦੇ ਵੱਖ ਵੱਖ ਦੇਸ਼ਾਂ ਵਿੱਚ ਰਹਿਣ ਵਾਲੇ ਮੁਸਲਮਾਨਾਂ ਵਿੱਚ ਵੀ ਇਸਲਾਮ ਦੁਸ਼ਮਣ ਅੰਸਰਾਂ ਦੇ ਅਤਿਅੰਤ ਘੱਟੀਆ, ਘਿਨਾਉਣੇ ਅਤੇ ਜ਼ਾਲਮਾਨਾ ਕ੍ਰਿਆ ਉਪੱਰ ਬਹੁਤ ਹੀ ਦੁੱਖ ਤੇ ਗੁੱਸੇ ਦੀ ਲਹਿਰ ਦੌੜ ਰਹੀ ਹੈ । ਇਸ ਦੁੱਖ ਤੇ ਗੁੱਸੇ ਦੇ ਪ੍ਰਗਟਾਉਣ ਲਈ ਮੁਸਲਮਾਨ ਵਾਸਤਵ ਵਿੱਚ ਹੱਕ ਵਿੱਚ ਹਨ । ਮੁਸਲਮਾਨ ਨੂੰ ਇਸ ਗੱਲ ਦਾ ਠੀਕ ਠੀਕ ਅਨੁਮਾਨ ਹੈ ਜਾਂ ਨਹੀ ਕਿ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਵਾਸਤਵਿਕ ਮੁਕਾਮ ਕੀ ਹੈ, ਆਪ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਮਾਣ ਤੇ ਮਰਿਯਾਦਾ ਲਈ ਮਰ ਮਿਟਣ ਲਈ ਤਿਆਰ ਹੋ ਜਾਂਦਾ ਹੈ । ਇਸਲਾਮ ਦੇ ਵੈਰੀਆਂ ਨੇ ਜੋ ਬੇਹੂਦਾ (ਅਸ਼ਲੀਲ), ਝੂਠੀ ਤੇ ਵਿਅਰਥ ਫ਼ਿਲਮ ਬਣਾਈ ਹੈ ਅਤੇ ਜ਼ਾਲਮਾਨਾਂ ਢੰਗ ਨਾਲ ਇਸ ਫ਼ਿਲਮ ਵਿੱਚ ਆਪ ਜੀ ਬਾਰੇ ਅਪਮਾਨ ਦਰਸ਼ਾਇਆ ਹੈ, ਇਸ ’ਤੇ ਹਰ ਮੁਸਲਮਾਨ ਦਾ ਦੁਖੀ ਤੇ ਕ੍ਰੋਧਤ ਹੋਣਾ ਕੁਦਰਤੀ ਗੱਲ ਹੈ ।

ਉਹ ਪਰਉਪਕਾਰੀ ਮਨੁੱਖ, ਸਾਰਿਆਂ ਜਹਾਨਾਂ ਲਈ ਰਹਿਮਤ ਅਤੇ ਰੱਬ ਦਾ ਪਿਆਰਾ ਜਿਸ ਨੇ ਆਪਣੀਆਂ ਰਾਤਾਂ ਨੂੰ ਵੀ ਮਖ਼ਲੂਕ ਦੇ ਗ਼ਮ ਵਿੱਚ ਲੰਘਾਇਆ, ਜਿਸ ਨੇ ਆਪਣੇ ਆਪ ਨੂੰ ਮਖ਼ਲੂਕ ਦੇ ਤਬਾਹ ਹੋਣ ਤੋਂ ਬਚਾਉਣ ਲਈ ਪੀੜਾਂ ਨੂੰ ਝੱਲਿਆ ਅਤੇ ਇੰਞ ਦੁੱਖ ਵਿੱਚ ਲੀਨ ਕੀਤਾ ਕਿ ਅਰਸ਼ਾਂ ਦੇ ਰੱਬ ਨੇ ਆਪ ਨੂੰ ਸੰਬੋਧਨ ਕਰਕੇ ਫ਼ਰਮਾਇਆ ਕਿ ਕੀ ਤੂੰ ਇਹਨਾਂ

ਲੋਕਾਂ ਲਈ ਕਿ ਇਹ ਆਪਣੇ ਪੈਦਾ ਕਰਨ ਵਾਲੇ ਰੱਬ ਨੂੰ ਕਿਉਂ ਨਹੀਂ ਪਛਾਣਦੇ ਮਾਰ ਲਏਂਗਾ ? ਅਜਿਹੇ ਮਹਾਨ ਪਰਉਕਾਰੀ ਮਨੁੱਖ ਬਾਰੇ ਅਜੇਹੀ ਅਪਮਾਨ ਭਰੀ ਫ਼ਿਲਮ 'ਤੇ ਅਵੱਸ਼ ਹੀ ਇਕ ਮੁਸਲਮਾਨ ਦਾ ਦਿਲ ਖ਼ੂਨ ਨਾਲ ਭਰ ਜਾਣਾ ਚਾਹੀਦਾ ਸੀ ਅਤੇ ਹੋਇਆ ਵੀ ਅਤੇ ਸੱਭ ਤੋਂ ਵੱਧ ਅਹਮਦੀ ਮੁਸਲਮਾਨ ਨੂੰ ਦੁੱਖ ਪਹੁੰਚਿਆ ਕਿ ਅਸੀਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਸੱਚੇ ਆਸ਼ਕ ਤੇ ਗ਼ੁਲਾਮ ਦੇ ਮਨਣ ਵਾਲਿਆ ਵਿੱਚੋਂ ਹਾਂ ਜਿਸ ਨੇ ਸਾਨੂੰ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨਤਮ ਮੁਕਾਮ ਤੋਂ ਜਾਣੂੰ ਕਰਵਾਇਆ । ਇਸ ਲਈ ਸਾਡੇ ਦਿਲ ਇਸ ਕਰਨੀ 'ਤੇ ਵਲੂੰਧਰੇ ਗਏ ਹਨ ਤੇ ਸਾਡੀ ਹਿੱਕ ਬੱਲ ਰਹੀ ਹੈ ਅਸੀਂ ਰੱਬ ਦੀ ਹਜ਼ੂਰੀ ਵਿੱਚ ਸੱਜਦੇ ਕਰ ਰਹੇ ਹਾਂ ਕਿ ਇਹਨਾਂ ਜ਼ਾਲਮਾਂ ਤੋਂ ਬਦਲਾ ਲੈ, ਉਹਨਾ ਨੂੰ ਉਹ ਸਿੱਖਿਆ ਦਾ ਉਹ ਨਿਸ਼ਾਨ ਬਣਾ ਕਿ ਰਹਿੰਦੀ ਦੁਨੀਆ ਤੱਕ ਮਿਸਾਲ ਬਣ ਜਾਵੇ । ਸਾਨੂੰ ਤਾਂ ਇਸ ਯੁੱਗ ਦੇ ਇਮਾਮ ਨੇ ਰਸੂਲੁਲੱਲਾਹ ਸਲਲੱਾਹੁ ਅਲੈਹਿ ਵਲੱਮ ਨਾਲ ਇਸ਼ਕ ਦਾ ਪਾਠ ਇਉਂ ਪੜ੍ਹਾਇਆ ਹੈ ਕਿ ਜੰਗਲ ਦੇ ਸੱਪਾਂ ਅਤੇ ਜਾਨਵਰਾਂ ਨਾਲ ਮਿਤੱਰਤਾ ਹੋ ਸਕਦੀ ਹੈ ਪਰ ਸਾਡੇ ਪਿਆਰੇ ਆਕਾ ਤੇ ਮੌਲਾ ਹਜ਼ਰਤ ਮੁਹਮੱਦ ਸਲਲੱਾਹੁ ਅਲਹਿ ਵਸਲੱਮ ਹਜ਼ਰਤੇ ਖ਼ਾਤਾਮੁਲ ਅੰਬਿਆ ਅਲੈਹਿ ਸਲਾਮ ਦੀ ਤੌਹੀਨ ਕਰਨ ਵਾਲੇ ਅਤੇ ਉਸ 'ਤੇ ਹੱਠ ਕਰਨ ਵਾਲੇ ਨਾਲ ਮਿੱਤਰਤਾ ਨਹੀਂ ਹੋ ਸਕਦੀ ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਫ਼ਰਮਾਉਂਦੇ ਹਨ :-

''ਮੁਸਲਮਾਨ ਉਹ ਕੌਮ ਹੈ ਜੋ ਆਪਣੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਲਈ ਜਾਨ ਦਿੰਦੇ ਹਨ ਅਤੇ ਉਹ ਇਸ ਅਪਮਾਨ ਤੋਂ ਮਰਨਾ ਚੰਗਾ ਸਮਝਦੇ ਹਨ ਕਿ ਅਜਿਹੇ ਮਨੁੱਖਾਂ ਨਾਲ ਮਨ ਸਾਫ਼ ਕਰਨ ਅਤੇ ਉਹਨਾ ਦੇ

ਮਿਤੱਰ ਬਣ ਜਾਣ ਜਿੰਨ੍ਹਾਂ ਦਾ ਕੰਮ ਦਿਨ ਰਾਤ ਨਿਰੰਤਰ ਇਹ ਹੈ ਕਿ ਉਹ ਰਸੂਲੇ ਕਰੀਮ ਸਲਲੱਾਹੁ ਅਲਹਿ ਵਸਲੱਮ ਨੂੰ ਗਾਲ੍ਹਾਂ ਕਢੱਦੇ ਹਨ ਅਤੇ ਆਪਣੇ ਰਸਾਲਿਆਂ, ਕਿਤਾਬਾਂ ਅਤੇ ਇਸ਼ਤਿਹਾਰਾਂ ਵਿੱਚ ਅਤਿਅੰਤ ਤੌਹੀਨ ਭਰੇ ਢੰਗ ਨਾਲ ਉਹਨਾ ਦਾ ਨਾਂ ਲੈਂਦੇ ਹਨ ਅਤੇ ਅਤਿਅੰਤ ਭੈੜੇ ਸ਼ਬਦਾਂ ਨਾਲ ਉਹਨਾਂ ਨੂੰ ਯਾਦ ਕਰਦੇ ਹਨ ।'' ਆਪ ਫ਼ਰਮਾਉਂਦੇ ਹਨ, ''ਯਾਦ ਰੱਖੋ ਕਿ ਅਜਿਹੇ ਲੋਕ ਆਪਣੀ ਕੌਮ ਦੇ ਵੀ ਖ਼ੈਰਖ਼ਵਾਹ ਨਹੀਂ ਹੁੰਦੇ ਕਿਉਂਕਿ ਉਹ ਉਹਨਾਂ ਦੇ ਮਾਰਗ ਵਿੱਚ ਕੰਢੇ ਬੀਜਦੇ ਹਨ । ਅਤੇ ਮੈਂ ਸੱਚ ਸੱਚ ਕਹਿੰਦਾ ਹੈਂ ਕਿ ਜੇਕਰ ਅਸੀਂ ਜੰਗਲ ਦੇ ਸੱਪਾਂ ਉਜਾੜਾਂ ਦੇ ਦਰਿੰਦਿਆਂ ਨਾਲ ਸੁਲਾਹ ਕਰ ਲਈਏ ਤਾਂ ਇਹ ਸੰਭਵ ਹੈ, ਪਰ ਅਸੀਂ ਅਜਿਹੇ ਲੋਕਾਂ ਨਾਲ ਸੁਲਾਹ ਨਹੀਂ ਕਰ ਸਕਦੇ ਜੋ ਰੱਬ ਦੇ ਭੇਜੇ ਹੋਏ ਪਾਕ ਨਬੀਆਂ ਦੀ ਸ਼ਾਨ ਵਿੱਚ ਬਦਗ਼ੋਈ ਤੋਂ ਨਹੀਂ ਮੁੜਦੇ । ਉਹ ਸਮਝਦੇ ਹਨ ਕਿ ਗਾਲ੍ਹਾਂ ਤੇ ਭੈੜੇ ਬਚਨਾ ਵਿੱਚ ਹੀ ਫ਼ਤਿਹ ਹੈ, ਪਰ ਹਰ ਇਕ ਫਤਿਹ ਆਸਮਾਨ ਤੋਂ ਉਤਰਦੀ ਹੈ ।'' ਫ਼ਰਮਾਇਆਂ, ''ਪਾਕ ਜ਼ੁਬਾਨ ਵਾਲੇ ਲੋਕ ਆਪਣੀ ਪਾਕ ਬੋਲੀ ਦੀ ਬਰਕਤ ਨਾਲ ਅੰਤ ਨੂੰ ਸਭ ਦੇ ਦਿਲ ਫ਼ਤਿਹ ਕਰ ਲੈਂਦੇ ਹਨ । ਪਰ ਭੈੜੇ ਸੁਭਾਵ ਦੇ ਲੋਕ ਇਸ ਤੋਂ ਵੱਧ ਹੋਰ ਕੋਈ ਹੁਨਰ ਨਹੀਂ ਰੱਖਦੇ ਕਿ ਦੇਸ਼ ਵਿੱਚ ਫ਼ਸਾਦੀਆਂ ਵਾਂਗ ਫੁੱਟ ਤੇ ਪਾੜ ਪਾਉਂਦੇ ਹਨ । ..... .......'' ਫਿਰ ਫ਼ਰਮਾਇਆ, ''ਤਜਰਬਾ ਵੀ ਗਵਾਹੀ ਦਿੰਦਾ ਹੈ ਕਿ ਅਜਿਹੇ ਭੈੜੇ ਲੋਕਾਂ ਦਾ ਅੰਤ ਵੀ ਚੰਗਾ ਨਹੀਂ ਹੁੰਦਾ । ਰੱਬ ਦੀ ਗ਼ੈਰਤ ਉਸ ਦੇ ਉਹਨਾ ਪਿਆਰਿਆਂ ਲਈ  ਅੰਤ ਕੋਈ ਕੰਮ ਕਰ ਦਿਖਾਉਂਦੀ ਹੈ ।'' (ਚਸ਼ਮਾਏ ਮਾਰਫ਼ਤ, ਰੂਹਾਨੀ ਖ਼ਜ਼ਾਇਨ, ਭਾਗ 23, ਪੰਨਾ 385 ਤੋਂ 387)

ਇਸ ਯੁੱਗ ਵਿੱਚ ਅਖ਼ਬਾਰਾਂ ਤੇ ਇਸ਼ਤਿਹਾਰਾਂ ਦੇ ਨਾਲ ਮੀਡੀਆ ਦੇ ਹੋਰਨਾ ਸਾਧਨਾ ਨੂੰ ਵੀ ਇਸ ਅਸ਼ਲੀਲਤਾ ਵਿੱਚ ਵਰਤਿਆ ਜਾ ਰਿਹਾ ਹੈ ।

ਇਸ ਲਈ ਜੋ ਲੋਕ ਆਪਣੇ ਹੱਠ ਕਰਕੇ ਰੱਬ ਨਾਲ ਟਾਕਰਾ ਕਰ ਰਹੇ ਹਨ, ਉਹ ਇੰਸ਼ਾਅਲੱਾਹ ਉਸਦੀ ਫੜ ਵਿੱਚ ਆਉਣਗੇ । ਇਹ ਆਪਣੇ ਹੱਠ ਉਪੱਰ ਡਟੇ ਹਨ ਅਤੇ ਢੀਠਪੁਣੇ ਨਾਲ ਆਪਣੇ ਜ਼ੁਲਮ ਦਾ ਪ੍ਰਗਟਾਵਾ ਕਰਦੇ ਜਾ ਰਹੇ ਹਨ ।

**2006** ਈ. ਵਿੱਚ ਜੱਦ ਡੈਨਮਾਰਕ ਦੇ ਕੁਝ ਦੁਸ਼ਟਾਂ ਨੇ ਹਜ਼ਰਤ ਮੁਹਮੱਦ ਸਲਲੱਾਹੁ ਅਲਹਿ ਵਸਲੱਮ ਬਾਰੇ ਬੇਹੂਦਾ ਚਿਤੱਰ ਬਣਾਏ ਸਨ ਤਾਂ ਉਸ ਸਮੇਂ ਵੀ ਜਿੱਥੇ ਮੈਂ ਜਮਾਤ ਅਹਮਦੀਆ ਨੂੰ ਉਚਿਤ ਪ੍ਰਤੀਕ੍ਰਿਆ ਦਿਖਾਉਣ ਲਈ ਧਿਆਨ ਦੁਆਇਆ ਸੀ ਉੱਥੇ ਇਹ ਵੀ ਕਿਹਾ ਸੀ ਕਿ ਇਹ ਜ਼ਾਲਮ ਲੋਕ ਪਹਿਲਾਂ ਵੀ ਪੈਦਾ ਹੁੰਦੇ ਰਹੇ ਹਨ ਅਤੇ ਇੱਥੇ ਹੀ ਬਸ ਨਹੀਂ ਹੋਵੇਗੀ । ਇਸ ਦੇ ਪ੍ਰੋਟੈਸਟ ਆਦਿ ਤੋਂ ਕੋਈ ਫਰਕ ਨਹੀਂ ਪਏਗਾ, ਜੋ ਹੁਣ ਮੁਸਲਮਾਨਾ ਵੱਲੋਂ ਹੋ ਰਿਹਾ ਹੈ । ਸਗੋਂ ਇਹ ਲੋਕ ਭਵਿੱਖ ਵਿਚ ਵੀ ਅਜਿਹੀਆਂ ਕੋਝੀਆਂ ਹਰਕਤਾਂ ਕਰਦੇ ਰਹਿਣਗੇ ਅਤੇ ਹੁਣ ਅਸੀਂ ਦੇਖ ਰਹੇ ਹਾਂ ਕਿ ਉਸ ਤੋਂ ਵੀ ਵੱਧਕੇ ਅਸ਼ਲੀਲਤਾ ਤੇ ਜ਼ੁਲਮ ਵਿੱਚ ਵੱਧ ਗਏ ਹਨ ਅਤੇ ਉਸ ਸਮੇਂ ਤੋਂ ਹੌਲੀ ਹੌਲੀ ਉਹਨਾਂ ਦਾ ਇਹ ਢੰਗ ਵੱਧਦਾ ਹੀ ਜਾ ਰਿਹਾ ਹੈ ।

ਸੋ, ਇਹ ਉਹਨਾ ਦੀ ਇਸਲਾਮ ਦੇ ਟਾਕਰੇ 'ਤੇ ਹਾਰ ਹੈ ਜੋ ਉਹਨਾ ਨੂੰ ਵਿਚਾਰਾਂ ਦੀ ਸੁਤੰਤਰਤਾ ਦੇ ਨਾਂ ਉਪੱਰ ਅਸ਼ਲੀਲਤਾ ਲਈ ਉਕਸਾ ਰਹੀ ਹੈ, ਜਿਵੇਂ ਕਿ ਹਜ਼ਰਤ ਮਸੀਹ ਮਊਦ ਤੇ ਮਹਦੀ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ ਹੈ ਕਿ ਯਾਦ ਰੱਖੋ ਇਹ ਲੋਕ ਆਪਣੀ ਕੌਮ ਦੇ ਵੀ ਖ਼ੈਰ ਖ਼ਵਾਹ ਨਹੀਂ ਹਨ । ਇਹ ਗੱਲ ਇਕ ਦਿਨ ਇਹਨਾ ਕੌਮਾਂ ਦੇ ਲੋਕਾ ਉਪੱਰ ਵੀ ਖੁੱਲ ਜਾਵੇਗੀ ਅਤੇ ਸਪਸ਼ਟ ਹੋ ਜਾਵੇਗਾ ਕਿ ਅੱਜ ਜੋ ਬੇਹੂਦਗੀਆਂ (ਅਸ਼ਲੀਲਤਾਵਾਂ) ਇਹ ਕਰ ਰਹੇ ਹਨ ਉਹ ਇਹਨਾਂ ਦੀ ਆਪਣੀ ਕੌਮ ਲਈ ਵੀ ਹਾਨੀਕਾਰਕ ਹੈ ਇਹ ਲੋਕ ਖ਼ੁਦਗ਼ਰਜ਼ ਅਤੇ ਜ਼ਾਲਮ ਹਨ । ਇਹਨਾ ਨੂੰ

ਕੇਵਲ ਆਪਣੀਆਂ ਇਛੱਾਵਾਂ ਦੀ ਪੂਰਤੀ ਤੋਂ ਬਿਨਾਂ ਕਿਸੇ ਤੋਂ ਕੋਈ ਸਰੋਕਾਰ ਨਹੀਂ

ਇਸ ਸਮੇਂ ਤਾਂ ਵਿਚਾਰਾਂ ਦੀ ਸੁਤੰਤਰਤਾ ਦੇ ਨਾਂ ’ਤੇ ਰਾਜਨੀਤਕ ਲੀਡਰ ਵੀ ਅਤੇ ਹੋਰ ਤਬਕੇ ਦੇ ਲੋਕ ਵੀ ਕਈ ਥਾਈਂ ਖੁੱਲਕੇ ਅਤੇ ਕਈ ਥਾਈਂ ਦੱਬੇ ਹੋਏ ਸ਼ਬਦਾਂ ਵਿੱਚ ਇਹਨਾ ਦੇ ਹੱਕ ਵਿੱਚ ਵੀ ਬੋਲ ਰਿਹਾ ਹੈ ਅਤੇ ਕਈ ਵਾਰ ਮੁਸਲਮਾਨਾਂ ਦੇ ਹੱਕ ਵਿੱਚ ਵੀ ਬੋਲ ਰਿਹਾ ਹੈ । ਪਰ ਯਾਦ ਰੱਖੋ ਕਿ ਦੁਨੀਆ ਹੁਣ ਇਕ ਅਜਿਹਾ ਗਲੋਬਲ ਵੈਲੀਜ਼ ਬਣ ਚੁਕੀ ਹੈ ਕਿ ਜੇਕਰ ਖੁੱਲਕੇ ਬੁਰਾਈ ਨੂੰ ਬੁਰਾਈ ਨ ਕਿਹਾ ਗਿਆ ਤਾਂ ਇਹ ਗੱਲਾਂ ਦੇਸ਼ਾਂ ਦੇ ਅਮਨ ਤੇਂ ਸ਼ਾਂਤੀ ਨੂੰ ਵੀ ਨਸ਼ਟ ਕਰ ਦੇਣਗੀਆਂ ਅਤੇ ਰੱਬ ਦੀ ਲਾਠੀ ਜੋ ਚਲਣੀ ਹੈ ਉਹ ਵੱਖਰੀ ਹੈ ।

ਸਮੇਂ ਦੇ ਇਮਾਮ ਦੀ ਇਹ ਗੱਲ ਯਾਦ ਰੱਖੋ ਕਿ ਹਰ ਫ਼ਤਿਹ ਆਸਮਾਨ ਤੋਂ ਆਉਂਦੀ ਹੈ ਅਤੇ ਰੱਬ ਨੇ ਇਹ ਨਿਰਣਾ ਕਰ ਛੱਡਿਆ ਹੈ ਕਿ ਜਿਸ ਰਸੂਲ ਦੀ ਤੁਸੀਂ ਬੇਅਦਬੀ ਕਰਨ ਦੇ ਜਤਨ ਕਰ ਰਹੇ ਹੋ ਉਸੇ ਨੇ ਹੀ ਦੁਨੀਆ ਉਪੱਰ ਗ਼ਾਲਬ ਆਉਣਾ ਹੈ । ਜਿਵੇਂ ਕਿ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ, ਦਿਲਾਂ ਨੂੰ ਫ਼ਤਿਹ ਕਰਕੇ ਗ਼ਾਲਬ ਆਉਣਾ ਹੈ ਕਿਉਂਕਿ ਪਾਕ ਕਲਾਮ ਦੀ ਤਾਸੀਰ (ਪ੍ਰਭਾਵ) ਹੁੰਦੀ ਹੈ । ਪਾਕ ਕਲਾਮ ਨੂੰ ਲੋੜ ਨਹੀਂ ਕਿ ਸਖ਼ਤੀ ਵਰਤੀ ਜਾਵੇ ਜਾਂ ਅਸ਼ਲੀਲਤਾ ਦਾ ਉਤੱਰ ਅਸ਼ਲੀਲਤਾ ਨਾਲ ਦਿੱਤਾ ਜਾਵੇ । ਅਤੇ ਇਹ ਕੁਬੋਲ ਤੇ ਭੈੜੇ ਕਾਰਜ ਜੋ ਉਹਨਾਂ ਲੋਕਾਂ ਨੇ ਅਰੰਭੇ ਹੋਏ ਹਨ, ਇਹ ਇੰਸ਼ਾਅਲੱਾਹ ਛੇਤੀ ਹੀ ਖ਼ਤਮ ਹੋ ਜਾਣਗੇ ਅਤੇ ਫਿਰ ਇਸ ਜੀਵਨਕਾਲ ਮਗਰੋਂ ਅਜਿਹੇ ਲੋਕਾਂ ਨਾਲ ਰੱਬ ਆਪੇ ਨਿਬੜੇਗਾ।

ਇਹ ਆਇਤਾਂ ਜੋ ਮੈਂ ਹੁਣੇ ਪੜ੍ਹੀਆਂ ਹਨ, ਇਹਨਾ ਵਿੱਚ ਵੀ ਅਲੱਾਹ ਤਆਲਾ ਨੇ ਮੋਮਨਾਂ ਨੂੰ ਉਹਨਾਂ ਦੀਆਂ ਜ਼ਿੰਮੇਦਾਰੀਆਂ ਵੱਲ ਧਿਆਨ ਦੁਆਇਆ ਹੈ ਕਿ ਤੁਹਾਡਾ ਕੰਮ ਉਸ ਰਸੂਲ ਉਪੱਰ ਦੁਰੂਦ ਤੇ ਸਲਾਮ ਭੇਜਣਾ ਹੈ । ਇਹਨਾਂ ਲੋਕਾਂ ਦੇ ਕੁਬੋਲਾਂ, ਜੁਲਮਾਂ ਤੇ ਹਾਸੇ ਠੱਠਿਆਂ ਤੋਂ ਉਸ ਮਹਾਨ ਨਬੀ ਦੀ ਮਾਨ ਮਰਿਯਾਦਾ ਉਪੱਰ ਕੋਈ ਫਰਕ ਨਹੀਂ ਪੈਂਦਾ । ਇਹ ਤਾਂ ਅਜਿਹਾ ਮਹਾਨ ਨਬੀ ਹੈ ਕਿ ਜਿਸ ’ਤੇ ਰੱਬ ਅਤੇ ਉਸਦੇ ਫ਼ਰਿਸ਼ਤੇ ਵੀ ਦੁਰੂਦ ਭੇਜਦੇ ਹਨ । ਮੋਮਨਾਂ ਦਾ ਕੰਮ ਹੈ ਕਿ ਉਹ ਵੀ ਉਸ ਨਬੀ ’ਤੇ ਦੁਰੂਦ ਭੇਜਦੇ ਰਹਿਣ ਅਤੇ ਜੱਦ ਦੁਸ਼ਮਣ ਅਸ਼ਲੀਲਤਾ ਵਿੱਚ ਅੱਗੇ ਵਧਣ ਤਾਂ ਪਹਿਲਾਂ ਤੋਂ ਵੀ ਵੱਧਕੇ ਦੁਰੂਦ ਤੇ ਸਲਾਮ ਭੇਜਣ ।

اَللّٰھُمَّ صَلِّ عَلٰی مُحَمَّدٍ وعَلٰی آلِ مُحَمَّدٍ کَمَا صَلَّیْتَ عَلٰی اِبْرَاھِیْمَ وَعَلٰی اٰلِ اِبْرَاھِیْمَ اِنَّکَ حَمِیْدٌ مَّجِیْدٌ۔

اَللّٰھُمَّ بَارِکْ عَلٰی مُحَمَّدٍ وعَلٰی آلِ مُحَمَّدٍ کَمَا بَارَکْتَ عَلٰی اِبْرَاھِیْمَ وَعَلٰی اٰلِ اِبْرَاھِیْمَ اِنَّکَ حَمِیْدٌ مَّجِیْدٌ۔

**ਅਲੱਾਹੁੰਮਾ ਸੱਲੇ ਅਲਾ ਮੁਹੰਮਾਦਿਨ ਵ ਅਲਾ ਆਲੇ ਮੁਹੰਮਾਦਿਨ ਕਮਾ ਸੱਲੈਤਾ ਅਲਾ ਇਬਰਾਹੀਮਾ ਵ ਅਲਾ ਆਲੇ ਇਬਰਾਹੀਮਾ ਇੰਨਾਕਾ ਹਮੀਦੁੰ ਮਜੀਦ । ਅਲੱਾਹੁੰਮਾ ਬਾਰਿਕ ਅਲਾ ਮੁਹੰਮਾਦਿਨ ਵ ਅਲਾ ਆਲੇ ਮੁਹੰਮਾਦਿਨ ਕਮਾ ਬਾਰਕਤਾ ਅਲਾ ਇਬਰਾਹੀਮਾ ਵ ਅਲਾ ਆਲੇ ਇਬਰਾਹੀਮਾ ਇੰਨਾਕਾ ਹਮੀਦੁੰਮਜੀਦ ।**

ਇਹੋ ਦੁਰੂਦ ਹੈ ਅਤੇ ਇਹੋ ਨਬੀ ਹੈ ਜਿਸਦਾ ਗ਼ਲਬਾ ਮੁਕਦੱਰ ਹੋ ਚੁੱਕਿਆ ਹੈ।

ਜਿੱਥੇ ਇਕ ਅਹਮਦੀ ਮੁਸਲਮਾਨ ਇਸ ਅਸ਼ਲੀਲਤਾ ਉਪੱਰ ਘ੍ਰਿਣਾ, ਨਫ਼ਰਤ, ਦੁੱਖ ਤੇ ਕ੍ਰੋਧ ਦਾ ਪ੍ਰਗਟਾਵਾ ਕਰਦਾ ਹੈ ਉੱਥੇ ਉਹਨਾ ਲੋਕਾਂ ਨੂੰ ਵੀ ਅਤੇ ਆਪਣੇ ਦੇਸ਼ਾਂ ਦੇ ਸਾਕਾਂ ਸੰਬੰਧੀਆਂ ਨੂੰ ਇਕ ਅਹਮਦੀ ਇਸ

ਅਸ਼ਲੀਲਤਾ ਤੋਂ ਦੂਰ ਰਹਿਣ ਵੱਲ ਧਿਆਨ ਦੁਆਉਂਦਾ ਹੈ ਅਤੇ ਦੁਆਉਣੀ ਚਾਹੀਦੀ ਹੈ । ਸੰਸਾਰਕ ਪੱਖੋਂ ਵੀ ਇਕ ਅਹਮਦੀ ਇਹ ਜਤਨ ਕਰਦਾ ਹੈ ਕਿ ਇਸ ਸਾਜ਼ਸ਼ ਦੇ ਵਿਰੁਧ ਦੁਨੀਆ ਨੂੰ ਅਸਲ ਵਾਸਤਵਿਕਤਾ ਤੋਂ ਜਾਣੂ ਕਰਾਏ ਅਤੇ ਹਕੀਕਤ ਦੱਸੇ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਜੀਵਨ ਦੇ ਸੁੰਦਰ ਪੱਖਾਂ ਨੂੰ ਉਜਾਗਰ ਕਰਕੇ ਸਾਹਮਣੇ ਲਿਆਏ । ਆਪਣੇ ਹਰ ਕਰਮ ਤੋਂ ਆਪ ਜੀ ਦੇ ਪਵਿੱਤਰ ਜੀਵਨ ਚਰਿਤ੍ਰ ਦਾ ਪ੍ਰਗਟਾ ਕਰੇ ਅਤੇ ਇਸਲਾਮ ਦੀ ਪਵਿੱਤਰ ਸਿੱਖਿਆ ਅਤੇ ਆਪ ਜੀ ਦੇ ਪਵਿੱਤਰ ਜੀਵਨ ਉਪੱਰ ਅਮਲ ਕਰਕੇ ਦੁਨੀਆ ਨੂੰ ਦਿਖਾਏ । ਹਾਂ, ਨਾਲ ਹੀ ਇਹ ਵੀ ਜਿਵੇਂ ਕਿ ਮੈਂ ਕਿਹਾ ਦੁਰੂਦ ਤੇ ਸਲਾਮ ਵੱਲ ਪਹਿਲਾਂ ਤੋਂ ਵੀ ਵੱਧ ਕੇ ਧਿਆਨ ਦੇਵੇ । ਪੁਰੁਸ਼, ਇਸਤਰੀ, ਜਵਾਨ, ਬੁੱਢੇ ਤੇ ਬੱਚੇ ਸਾਰੇ ਹੀ ਆਪਣੇ ਮਾਹੌਲ ਨੂੰ, ਆਪਣੀ ਵਾਯੂ ਮੰਡਲ ਨੂੰ ਤੇ ਆਪਣੇ ਆਲੇ ਦੁਆਲੇ ਨੂੰ ਦੁਰੂਦ ਤੇ ਸਲਾਮ ਨਾਲ ਭਰ ਦੇਵੇ । ਆਪਣੇ ਅਮਲਾਂ ਨੂੰ ਇਸਲਾਮੀ ਸਿੱਖਿਆ ਦਾ ਵਾਸਤਵਿਕ ਰੂਪ ਬਣਾ ਦੇਵੇ । ਸੋ, ਇਹ ਉਹ ਸੁੰਦਰ ਪ੍ਰਤੀਕ੍ਰਿਆ ਹੈ ਜੋ ਅਸੀਂ ਦਿਖਾਉਣੀ ਹੈ ।

ਬਾਕੀ ਇਹਨਾਂ ਜ਼ਾਲਮਾਂ ਦੇ ਅੰਤ ਬਾਰੇ ਖ਼ੁਦਾ ਤਆਲਾ ਨੇ ਦੂਜੀ ਆਇਤ ਵਿੱਚ ਦੱਸ ਦਿੱਤਾ ਹੈ ਕਿ ਰਸੂਲ ਨੂੰ ਦੁੱਖ ਪਹੁੰਚਾਉਣ ਵਾਲੇ ਜਾਂ ਇਸ ਜ਼ਮਾਨੇ ਦੇ ਹਕੀਕੀ ਮੋਮਨਾਂ ਦਾ ਦਿਲ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਵਿਅਕਤੀਤਵ ਦੇ ਹਵਾਲੇ ਨਾਲ ਕਸ਼ਟ ਪਹੁੰਚਾ ਕੇ ਛਲੱਨੀ ਕਰਨ ਵਾਲਿਆ ਨਾਲ ਰੱਬ ਆਪੇ ਹੀ ਨਿਬੱੜ ਲਏਗਾ । ਇਹਨਾਂ ਲੋਕਾਂ ਉਪੱਰ ਇਸ ਦੁਨੀਆ ਵਿੱਚ ਰੱਬ ਦੀ ਲਾਨ੍ਹਤ ਹੈ ਅਤੇ ਇਸ ਲਾਨ੍ਹਤ ਦੇ ਸਬਬ ਉਹ ਹੋਰ ਵੀ ਗੰਦਗੀ ਵਿੱਚ ਡੁਬਦੇ ਜਾਣਗੇ । ਅਤੇ ਮਰਨ ਉਪਰੰਤ ਵੀ ਖ਼ੁਦਾ ਤਆਲਾ ਨੇ ਅਜਿਹੇ ਲੋਕਾਂ ਲਈ ਹੀਣਤਾ ਭਰਿਆ ਨਰਕ ਰੱਖਿਆ ਹੈ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਇਸੇ ਵਿਸ਼ੇ ਨੂੰ ਵਰਨਣ ਕੀਤਾ ਹੈ ਕਿ ਅਜਿਹੇ ਭੈੜੇ ਬੋਲ

ਬੋਲਣ ਵਾਲੇ ਲੋਕਾਂ ਦਾ ਅੰਤ ਚੰਗਾ ਨਹੀਂ ਹੁੰਦਾ । ਇਸ ਲਈ ਇਹ ਲੋਕ ਇਸ ਦੁਨੀਆ ਵਿੱਚ ਰੱਬ ਦੀ ਲਾਨ੍ਹਤ ਦੀ ਅਵਸਥਾ ਵਿੱਚ ਮਰਨ ਅਤੇ ਮਗਰੋਂ ਹੀਣਤਾ ਭਰੇ ਅਜ਼ਾਬ ਦੀ ਅਵਸਥਾ ਵਿੱਚ ਅੰਤ ਨੂੰ ਪਹੁੰਚਣਗੇ ।

ਜੋ ਦੂਜੇ ਮੁਸਲਮਾਨ ਹਨ, ਇਹਨਾਂ ਮੁਸਲਮਾਨਾਂ ਨੂੰ ਵੀ ਅਲੱਾਹ ਤਆਲਾ ਦੀ ਸਿੱਖਿਆ ਅਨੁਸਾਰ, ਉਸਦੇ ਹੁਕੁਮ ਅਨੁਸਾਰ ਇਹ ਪ੍ਰਤੀਕ੍ਰਿਆ ਦਿਖਾਉਣੀ ਚਾਹੀਦੀ ਹੈ ਕਿ ਦੁਰੂਦ ਸ਼ਰੀਫ਼ ਰਾਹੀਂ ਆਪਣੇ ਦੇਸ਼ਾਂ, ਆਪਣੇ ਖੇਤਰਾਂ, ਆਪਣੇ ਵਾਯੂ ਮੰਡਲ ਤੇ ਮਾਹੌਲ ਨੂੰ ਭਰ ਦੇਣ । ਇਹ ਪ੍ਰਤੀਕ੍ਰਿਆ ਹੈ।

ਇਹ ਪ੍ਰਤੀਕ੍ਰਿਆ ਵਿਅਰਥ ਹੈ ਕਿ ਆਪਣੇ ਹੀ ਦੇਸ਼ਾਂ ਵਿੱਚ ਆਪਣੀਆਂ ਹੀ ਜਾਇਦਾਦਾਂ ਨੂੰ ਅੱਗ ਲਾਈ ਜਾਵੇ ਜਾਂ ਆਪਣੇ ਦੇਸ਼ ਦੇ ਸ਼ਹਿਰ ਵਾਸੀਆਂ ਨੂੰ ਮਾਰਿਆ ਜਾਵੇ ਜਾਂ ਜਲੂਸ ਨਿਕਲ ਰਹੇ ਹੋਣ ਅਤੇ ਪੁਲਿਸ ਮਜਬੂਰ ਹੋਕੇ ਆਪਣੇ ਹੀ ਬਸ਼ਿੰਦਿਆਂ ਉਪੱਰ ਫ਼ਾਇਰਿੰਗ ਕਰ ਰਹੀ ਹੋਵੇ ਅਤੇ ਆਪਣੇ ਹੀ ਲੋਕ ਮਰ ਰਹੇ ਹੋਣ ।

ਅਖ਼ਬਾਰਾਂ ਤੇ ਮੀਡੀਆ ਰਾਹੀਂ ਜੋ ਖ਼ਬਰਾਂ ਬਾਹਰ ਆ ਰਹੀਆਂ ਹਨ ਉਹਨਾਂ ਤੋਂ ਪਤਾ ਲਗੱਦਾ ਹੈ ਕਿ ਆਮ ਕਰਕੇ ਪਛੱਮੀ ਸ਼ਰੀਫ਼ ਲੋਕਾਂ ਨੇ ਵੀ ਇਸ ਕੋਝੀ ਹਰਕਤ ਨੂੰ ਚੰਗਾ ਨਹੀਂ ਆਖਿਆ ਅਤੇ ਘ੍ਰਿਣਾ ਦਾ ਪ੍ਰਗਟਾਵਾ ਕੀਤਾ ਹੈ । ਉਹ ਲੋਕ ਜੋ ਮੁਸਲਮਾਨ ਨਹੀਂ ਹਨ ਪਰ ਸੁਭਾਵ ਵਿੱਚ ਸ਼ਰਾਫ਼ਤ ਹੈ ਉਹਨਾ ਨੇ ਅਮਰੀਕਾ ਵਿੱਚ ਵੀ ਅਤੇ ਇੱਥੇ ਵੀ ਇਸ ਨੂੰ ਚੰਗਾ ਨਹੀਂ ਸਮਝਿਆ । ਪਰ ਜੋ ਲੀਡਰਸ਼ਿਪ ਹੈ ਉਹ ਇਕ ਪਾਸੇ ਤਾਂ ਕਹਿੰਦੀ ਹੈ ਕਿ ਇਹ ਗ਼ਲਤ ਹੈ ਅਤੇ ਦੂਜੇ ਪਾਸੇ ਵਿਚਾਰਾਂ ਦੀ ਸੁਤੰਤਰਤਾ ਨੂੰ ਓਟ ਬਣਾ ਕੇ ਇਸ ਦਾ ਪੱਖ ਵੀ ਪੂਰਦੀ ਹੈ । ਇਹ ਦੋਗ਼ਲੀ ਗੱਲ ਨਹੀਂ ਚਲ ਸਕਦੀ । ਆਜ਼ਾਦੀ ਬਾਰੇ ਕਾਨੂਨ ਕੋਈ ਆਸਮਾਨੀ ਹੁਕੁਮਨਾਮਾ ਨਹੀਂ ਹੈ । ਮੈਂ ਅਮਰੀਕਾ ਵਿੱਚ

ਰਾਜਨੇਤਾਵਾਂ ਨੂੰ ਭਾਸ਼ਣ ਵਿੱਚ ਇਹ ਵੀ ਕਿਹਾ ਸੀ ਕਿ ਦੁਨੀਆਦਾਰਾਂ ਦੇ ਬਣਾਏ ਹੋਏ ਕਾਨੂਨਾ ਵਿੱਚ ਉਣਤਾਈ ਹੋ ਸਕਦੀ ਹੈ, ਗ਼ਲਤੀਆਂ ਹੋ ਸਕਦੀਆਂ ਹਨ, ਕਾਨੂਨ ਬਣਾਉਂਦੇ ਸਮੇਂ ਕੁਝ ਪੱਖ ਅੱਖੋਂ ਓਹਲੇ ਹੋ ਸਕਦੇ ਹਨ ਕਿਉਂਕਿ ਮਨੁੱਖ ਗ਼ੈਬ ਦਾ ਗਿਆਨ ਨਹੀਂ ਰੱਖਦਾ । ਪਰ ਰੱਬ ਅੰਤਰਯਾਮੀ ਹੈ ਉਸ ਦੇ ਬਣਾਏ ਹੋਏ ਕਾਨੂਨ ਉਹ ਹਨ ਜਿੰਨ੍ਹਾ ਵਿੱਚ ਕੋਈ ਉਣਤਾਈ ਨਹੀਂ ਹੁੰਦੀ । ਇਸ ਲਈ ਆਪਣੇ ਕਾਨੂਨ ਨੂੰ ਅਜਿਹਾ ਕਾਮਲ ਨ ਸਮਝਣ ਕਿ ਉਸ ਵਿੱਚ ਕੋਈ ਤਬਦੀਲੀ ਨਹੀਂ ਹੋ ਸਕਦੀ । ਵਿਚਾਰਾਂ ਦੀ ਸੁਤੰਤਰਤਾ ਦਾ ਕਾਨੂਨ ਤਾਂ ਹੈ ਪਰ ਕਿਸੇ ਦੇਸ਼ ਦੇ ਕਾਨੂਨ ਵਿੱਚ, ਨ ਯੂ ਐਨ ਓ ਦੇ ਚਾਰਟਰ ਵਿੱਚ ਇਹ ਕਾਨੂਨ ਹੈ ਕਿ ਕਿਸੇ ਮਨੁੱਖ ਨੂੰ ਇਹ ਆਜ਼ਾਦੀ ਨਹੀਂ ਹੋਵੇਗੀ ਕਿ ਦੂਜਿਆਂ ਦੀ ਧਾਰਮਕ ਭਾਵਨਾਵਾਂ ਨੂੰ ਖੇਰੂੰ ਖੇਰੂੰ ਕਰੋ । ਇਹ ਕਿਤੇ ਨਹੀਂ ਲਿੱਖਿਆ ਕਿ ਹੋਰਨਾ ਧਰਮਾ ਦੇ ਬਜ਼ੁਰਗਾਂ ਦਾ ਹਾਸਾ ਠੱਠਾ ਕਰਨ ਦੀ ਆਗਿਆ ਨਹੀਂ ਹੋਵੇਗੀ ਕਿ ਇਸ ਨਾਲ ਦੁਨੀਆ ਦਾ ਅਮਨ ਨਸ਼ਟ ਹੁੰਦਾ ਹੈ । ਇਸ ਨਾਲ ਨਫ਼ਰਤ ਦੇ ਲਾਵੇ ਫੁਟੱਦੇ ਹਨ ਤੇ ਇਸ ਨਾਲ ਕੌਮਾਂ ਤੇ ਧਰਮਾਂ ਵਿਚਕਾਰ ਦੂਰੀ ਵਧੱਦੀ ਜਾਂਦੀ ਹੈ । ਇਸ ਲਈ ਜੇਕਰ ਵਿਚਾਰਾਂ ਦੀ ਆਜ਼ਾਦੀ ਦਾ ਕਾਨੂਨ ਬਣਾਇਆ ਹੈ ਤਾਂ ਇਕ ਮਨੁੱਖ ਦੀ ਆਜ਼ਾਦੀ ਦਾ ਕਾਨੂਨ ਤਾਂ ਬੇਸ਼ਕ ਬਨਾਉਣ ਪਰ ਦੂਜਿਆਂ ਦੀ ਧਾਰਮਕ ਭਾਵਨਰਵਾਂ ਨਾਲ ਖੇਡਣ ਦਾ ਕਾਨੂਨ ਨ ਬਨਾਉਣ । ਯੂ ਐਨ ਓ ਵੀ ਇਸੇ ਲਈ ਅਸਫ਼ਲ ਹੋ ਰਹੀ ਹੈ ਕਿ ਇਹ ਅਸਫ਼ਲ ਕਾਨੂਨ ਬਣਾ ਕੇ ਸਮਝਦੇ ਹਨ ਕਿ ਅਸੀਂ ਬਹੁਤ ਵੱਡਾ ਕੰਮ ਕਰ ਲਿਆ ਹੈ । ਅਲੱਾਹ ਤਆਲਾ ਦਾ ਕਾਨੂਨ ਦੇਖੋ, ਉਹ ਫ਼ਰਮਾਉਂਦਾ ਹੈ ਕਿ ਹੋਰਨਾ ਦੇ ਬੁਤਾਂ ਨੂੰ ਵੀ ਬੁਰਾ ਨ ਕਹੋ ਕਿ ਇਸ ਨਾਲ ਸਮਾਜ ਦਾ ਅਮਨ ਨਸ਼ਟ ਹੁੰਦਾ ਹੈ । ਤੁਸੀਂ ਬੁਤਾਂ ਨੂੰ ਬੁਰਾ ਕਹੋਗੇ ਤਾਂ ਉਹ ਨਾਸਮਝੀ ਵਿੱਚ ਤੁਹਾਡੇ ਸਰਬ ਸ਼ਕਤੀਮਾਨ ਖ਼ੁਦਾ ਬਾਰੇ ਕੁਬੋਲ ਵਰਤਨਗੇ ਜਿਸ ਨਾਲ ਤੁਹਾਨੂੰ ਦੁੱਖ ਹੋਵੇਗਾ ਦਿਲਾਂ ਵਿੱਚ ਕੀਨੇ ਤੇ ਸਾੜੇ ਪਲਣਗੇ । ਲੜਾਈਆਂ ਤੇ ਝਗੜੇ ਹੋਣਗੇ

। ਦੇਸ਼ ਵਿੱਚ ਅਸ਼ਾਂਤੀ ਫ਼ੈਲੇਗੀ । ਇਸ ਲਈ ਇਹ ਅਤਿਅੰਤ ਚੰਗੀ ਸਿੱਖਿਆ ਹੈ ਜੋ ਇਸਲਾਮ ਦਾ ਖ਼ੁਦਾ ਦਿੰਦਾ ਹੈ, ਇਸ ਦੁਨੀਆ ਦਾ ਖ਼ੁਦਾ ਦਿੰਦਾ ਹੈ, ਇਸ ਕਾਇਨਾਤ ਦਾ ਖੁਦਾ ਦਿੰਦਾ ਹੈ, ਉਹ ਖੁਦਾ ਇਹ ਸਿੱਖਿਆ ਦਿੰਦਾ ਹੈ ਜਿਸ ਨੇ ਸੰਪੂਰਨ ਸਿੱਖਿਆ ਦੇ ਨਾਲ ਆਪਣੇ ਹਬੀਬ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਨੂੰ ਦੁਨੀਆ ਦੇ ਸੁਧਾਰ ਲਈ, ਪਿਆਰ ਤੇ ਮੁਹਬੱਤ ਕਾਇਮ ਕਰਨ ਲਈ ਭੇਜਿਆ ਹੈ, ਜਿਸਨੇ ਆਪ ਨੂੰ ‘‘ਰਹਮਤੁਲ ਲਿਲਆਲਾਮੀਨ’’ (ਸਾਰਿਆਂ ਜਹਾਨਾ ਲਈ ਰਹਿਮਤ) ਦੀ ਉਪਾਧੀ ਦੇ ਸਾਰੀ ਮਖ਼ਲੂਕ ਲਈ ਰਹਿਮਤ ਬਣਾ ਕੇ ਭੇਜਿਆ ।

ਸੋ, ਦੁਨੀਆ ਦੇ ਪੜ੍ਹੇ ਲਿਖੇ ਲੋਕ, ਪ੍ਰਸ਼ਾਸਨਕ ਤੇ ਰਾਜਨੀਤਕ ਲੀਡਰ ਸੋਚਣ ਕਿ ਕੀ ਇਹਨਾਂ ਕੁਝ ਬੇਹੂਦਾ ਲੋਕਾਂ ਨੂੰ ਸਖ਼ਤੀ ਨਾਲ ਨ ਦਬਾਕੇ ਆਪ ਲੋਕ ਵੀ ਤਾਂ ਇਸ ਫ਼ਸਾਦ ਦਾ ਭਾਗ ਤਾਂ ਨਹੀਂ ਬਣ ਰਹੇ । ਦੁਨੀਆ ਦੇ ਆਮ ਲੋਕ ਵੀ ਵਿਚਾਰਨ ਕਿ ਦੂਜਿਆਂ ਦੀ ਧਾਰਮਕ ਭਾਵਨਾਵਾਂ ਨਾਲ ਖੇਡਕੇ ਅਤੇ ਦੁਨੀਆ ਦੇ ਇਹਨਾ ਕੁਝ ਕੀੜਿਆਂ ਅਤੇ ਗੰਦਗੀ ਵਿੱਚ ਗਰਕ ਹੋਏ ਲੋਕਾਂ ਦੀ ਹਾਂ ਵਿੱਚ ਹਾਂ ਮਿਲਾ ਕੇ ਆਪ ਵੀ ਦੁਨੀਆ ਦੇ ਅਮਨ ਨੂੰ ਬਰਬਾਦ ਕਰਨ ਵਿੱਚ ਭਾਗੀਦਾਰ ਤਾਂ ਨਹੀਂ ਬਣ ਰਹੇ ?

ਅਸੀਂ ਅਹਮਦੀ ਮੁਸਲਮਾਨ ਦੁਨੀਆ ਦੀ ਸੇਵਾ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੇ । ਅਮਰੀਕਾ ਵਿੱਚ ਖ਼ੂਨ ਦੀ ਲੋੜ ਪਈ । ਬੀਤੇ ਸਾਲ ਅਸੀਂ ਅਹਮਦੀਆਂ ਨੇ **12000** ਬੋਤਲਾਂ ਖ਼ੂਨ ਦੀਆਂ ਇਕੱਠੀਆਂ ਕਰਕੇ ਦਿੱਤੀਆਂ । ਇਸ ਸਾਲ ਫਿਰ ਜਮਾਂ ਕਰ ਰਹੇ ਹਾਂ । ਅੱਜ ਕੱਲ ਇਹ ਡਰਾਈਵ (Drive) ਚਲ ਰਹੀ ਸੀ । ਉਹਨਾਂ ਨੂੰ ਮੈਂ ਕਿਹਾ ਕਿ ਅਸੀਂ ਅਹਮਦੀ ਮੁਸਲਮਾਨ ਤਾਂ ਲੋਕਾਂ ਨੂੰ ਜੀਵਨ ਦੇਣ ਲਈ ਆਪਣਾ ਖ਼ੂਨ ਦੇ ਰਹੇ ਹਾਂ ਅਤੇ

ਤੁਸੀਂ ਲੋਕ ਉਹਨਾਂ ਹਰਕਤ ਕਰਨ ਵਾਲਿਆਂ ਦੀ ਹਾਂ ਵਿੱਚ ਹਾਂ ਮਿਲਾ ਕੇ ਸਾਡੇ ਦਿਲ ਖ਼ੂਨ ਕਰ ਰਹੇ ਹੋ । ਸੋ, ਇਕ ਅਹਮਦੀ ਮੁਸਲਮਾਨ ਦਾ ਅਤੇ ਹਕੀਕੀ ਮੁਸਲਮਾਨ ਦਾ ਇਹ ਕੰਮ ਹੈ ਅਤੇ ਇਹ ਲੋਕ ਜੋ ਸਮਝਦੇ ਹਨ ਕਿ ਅਸੀਂ ਨਿਆ ਸਥਾਪਤ ਕਰਨ ਵਾਲੇ ਹਾਂ, ਉਹਨਾ ਦੇ ਇਕ ਤਬਕੇ ਦਾ ਇਹ ਕੰਮ ਹੈ ।

ਮੁਸਲਮਾਨਾਂ ਨੂੰ ਤਾਂ ਆਰੋਪ ਦਿੱਤਾ ਜਾਂਦਾ ਹੈ ਕਿ ਉਹ ਗ਼ਲਤ ਕਰ ਰਹੇ ਹਨ । ਠੀਕ ਹੈ ਕਿ ਕੁਝ ਪ੍ਰਤੀਕ੍ਰਿਆਵਾਂ ਗ਼ਲਤ ਹਨ, ਤੋੜ ਫੋੜ ਕਰਨਾ, ਘੇਰਾਓ ਕਰਨਾ, ਮਾਸੂਮ ਲੋਕਾਂ ਦਾ ਕਤਲ ਕਰਨਾ, ਵਿਦੇਸ਼ੀ ਦੂਤਾਂ ਦੀ ਸੁਰੱਖਿਆ ਨ ਕਰਨਾ, ਉਹਨਾ ਨੂੰ ਮਰਨਾ ਜਾਂ ਕਤਲ ਕਰਨਾ ਸਭ ਗ਼ਲਤ ਹੈ ਪਰ ਅਲੱਾਹ ਦੇ ਮਾਸੂਮ ਨਬੀਆਂ ਦਾ ਹਾਸਾ ਠੱਠਾ ਉਡਾਉਣਾ, ਭੈੜੇ ਬੋਲਾਂ ਵਿੱਚ ਵੱਧਣਾ, ਇਹ ਵੀ ਤਾਂ ਬਹੁਤ ਵੱਡਾ ਪਾਪ ਹੈ । ਹੁਣ ਦੇਖਾ ਦੇਖੀ ਪਿਛਲੇ ਦਿਨੀ ਫ਼੍ਰਾਂਸ ਦੇ ਇਕ ਰਸਾਲੇ ਨੂੰ ਵੀ ਉਬਾਲ ਆਇਆ, ਉਸਨੇ ਫਿਰ ਬੇਹੂਦਾ ਕਾਰਟੂਨ ਪ੍ਰਕਾਸ਼ਤ ਕੀਤੇ ਹਨ ਜੋ ਪਹਿਲਾਂ ਤੋਂ ਵੀ ਵੱਧਕੇ ਬੇਹੂਦਾ ਹਨ । ਇਹ ਦੁਨੀਆਦਾਰ ਦੁਨੀਆ ਨੂੰ ਹੀ ਸਭ ਕੁਝ ਸਮਝਦੇ ਹਨ, ਪਰ ਨਹੀਂ ਜਾਣਦੇ ਕਿ ਇਹ ਦੁਨੀਆ ਹੀ ਉਹਨਾ ਦੀ ਤਬਾਹੀ ਦਾ ਸਾਧਨ ਹੈ ।

ਇੱਥੇ ਮੈਂ ਇਹ ਵੀ ਆਖਣਾ ਚਾਹੁੰਦਾ ਹਾਂ ਕਿ ਦੁਨੀਆ ਦੇ ਇਕ ਬਹੁਤ ਵੱਡੇ ਭਾਗ ਵਿੱਚ ਮੁਸਲਮਾਨ ਹੁਕੂਮਤਾਂ ਹਨ । ਦੁਨੀਆ ਦਾ ਇਕ ਵੱਡਾ ਖੇਤਰ ਮੁਸਲਮਾਨਾਂ ਹੇਠ ਹੈ । ਬਹੁਤ ਸਾਰੇ ਮੁਸਲਮਾਨ ਦੇਸਾਂ ਨੂੰ ਰੱਬ ਨੇ ਕੁਦਰਤੀ ਵਸੀਲੇ ਬਖ਼ਸ਼ੇ ਹੋਏ ਹਨ । ਮੁਸਲਮਾਨ ਦੇਸ਼ ਯੂ ਐਨ ਓ ਦਾ ਭਾਗ ਵੀ ਹਨ । ਕੁਰਆਨ ਕਰੀਮ ਜੋ ਕਿ ਸੰਪੂਰਨ ਜੀਵਨ ਕੋਸ਼ ਹੈ ਉਸਨੂੰ ਮਨਣ ਵਾਲੇ ਅਤੇ ਉਸਨੂੰ ਪੜ੍ਹਨ ਵਾਲੇ ਵੀ ਹਨ ਤਾਂ ਫਿਰ ਕਿਉਂ ਹਰ ਲੈਵਲ ’ਤੇ ਇਸ ਸੁੰਦਰ ਸਿੱਖਿਆ ਨੂੰ ਦੁਨੀਆ ਵਿੱਚ ਪ੍ਰਸਾਰਣ ਦੇ ਮੁਸਲਮਾਨ ਹੁਕੂਮਤਾਂ ਨੇ ਜਤਨ

ਨਹੀਂ ਕੀਤੇ ? ਕਿਉਂ ਨਹੀਂ ਇਹ ਕਰਦੇ ? ਕੁਰਆਨ ਕਰੀਮ ਦੀ ਸਿੱਖਿਆ ਅਨੁਸਾਰ ਕਿਉਂ ਦੁਨੀਆ ਦੇ ਸਾਹਮਣੇ ਇਹ ਪੇਸ਼ ਨਹੀਂ ਕਰਦੇ ਕਿ ਧਾਰਮਕ ਭਾਵਨਾਵਾਂ ਨਾਲ ਖੇਡਣਾ ਅਤੇ ਨਬੀਆਂ ਦੀ ਬੇਅਦਬੀ ਕਰਨੀ ਜਾਂ ਉਸ ਲਈ ਜਤਨ ਕਰਨਾ ਵੀ ਜੁਰਮ ਹੈ, ਬਹੁਤ ਵੱਡਾ ਜੁਰਮ ਤੇ ਪਾਪ ਹੈ । ਦੁਨੀਆ ਦੇ ਅਮਨ ਲਈ ਜ਼ਰੂਰੀ ਹੈ ਕਿ ਇਸ ਨੂੰ ਵੀ ਯੂ ਐਨ ਓ ਦੇ ਅਮਨ ਚਾਰਟਰ ਦਾ ਭਾਗ ਬਣਾਇਆ ਜਾਵੇ । ਕੋਈ ਮੈਂਬਰ ਦੇਸ਼ ਆਪਣੇ ਕਿਸੇ ਸ਼ਹਿਰੀ ਨੂੰ ਆਗਿਆ ਨਹੀਂ ਦੇਵੇਗਾ ਕਿ ਦੂਜਿਆਂ ਦੀ ਧਾਰਮਕ ਭਾਵਨਾਵਾਂ ਨਾਲ ਖੇਡਿਆ ਜਾਵੇ । ਵਿਚਾਰਾਂ ਦੀ ਆਜ਼ਾਦੀ ਦੇ ਨਾਂ ’ਤੇ ਦੁਨੀਆ ਦਾ ਅਮਨ ਬਰਬਾਦ ਕਰਨ ਦੀ ਆਗਿਆ ਨਹੀਂ ਦਿੱਤੀ ਜਾਵੇਗੀ । ਪਰ ਦੁੱਖ ਦੀ ਗੱਲ ਹੈ ਕਿ ਇੰਨ੍ਹੇ ਲੰਮੇ ਸਮੇਂ ਤੋਂ ਇਹ ਸਭ ਕੁਝ ਹੋ ਰਿਹਾ ਹੈ, ਕਦੇ ਵੀ ਮੁਸਲਮਾਨ ਦੇਸ਼ਾਂ ਦੇ ਇਕਜੁਟ ਹੋਕੇ ਠੋਸ ਜਤਨ ਨਹੀਂ ਹੋਏ ਕਿ ਸਾਰੇ ਨਬੀਆਂ ਤੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਦੀ ਮਾਨ ਤੇ ਮਰਯਾਦਾ ਲਈ ਦੁਨੀਆ ਨੂੰ ਜਾਣੂ ਕਰਾਉਣ ਅਤੇ ਅੰਤਰ ਰਾਸ਼ਟਰੀ ਪੱਧਰ ’ਤੇ ਇਸ ਗੱਲ ਨੂੰ ਮਨਵਾਉਣ । ਬੇਸ਼ਕ ਯੂ ਐਨ ਓ ਦੇ ਹੋਰਨਾ ਫ਼ੈਸਲਿਆਂ ਵਾਂਗ ਇਸ ਉਪੱਰ ਵੀ ਅਮਲ ਨਹੀਂ ਹੋਵੇਗਾ, ਪਹਿਲਾਂ ਕਿਹੜਾ ਅਮਨ ਚਾਰਟਰ ਉਪੱਰ ਅਮਲ ਹੋ ਰਿਹਾ ਹੈ ਪਰ ਘੱਟੋ ਘੱਟ ਇਕ ਚੀਜ਼ ਰੀਕਾਰਡ ਵਿੱਚ ਤਾਂ ਆ ਜਾਵੇਗੀ । ਓ ਆਈ ਸੀ (OIC) ਆਰਗੇਨਾਈਜ਼ੇਸ਼ਨ ਆਫ਼ ਇਸਲਾਮਿਕ ਕੰਟ੍ਰੀਜ਼ ਜੋ ਹੈ, ਇਹ ਕਾਇਮ ਤਾਂ ਹੈ ਪਰ ਇਹਨਾਂ ਰਾਹੀਂ ਕਦੇ ਵੀ ਕੋਈ ਠੋਸ ਜਤਨ ਨਹੀਂ ਕੀਤਾ ਗਿਆ, ਜਿਸ ਨਾਲ ਦੁਨੀਆ ਵਿੱਚ ਮੁਸਲਮਾਨਾਂ ਦਾ ਵਕਾਰ ਕਾਇਮ ਹੋਇਆ ਹੋਵੇ । ਮੁਸਲਮਾਨ ਦੇਸ਼ਾਂ ਦੇ ਲੀਡਰ ਆਪਣੀਆਂ ਇਛੱਾਵਾਂ ਦੀ ਪੂਰਤੀ ਲਈ ਹਰ ਸੰਭਵ ਜਤਨ ਵਿੱਚ ਲੱਗੇ ਹੋਏ ਹਨ । ਜੇਕਰ ਖ਼ਿਆਲ ਨਹੀਂ ਤਾਂ ਧਰਮ ਦੀ ਮਹਾਨਤਾ ਦਾ ਖ਼ਿਆਲ ਨਹੀਂ । ਜੇਕਰ ਸਾਡੇ ਲੀਡਰਾਂ ਵੱਲੋਂ ਠੋਸ ਜਤਨ ਹੁੰਦੇ

ਤਾਂ ਆਮ ਲੋਕਾਂ ਵੱਲੋਂ ਇਹ ਗ਼ਲਤ ਪ੍ਰਤੀਕ੍ਰਿਆ ਵੀ ਨ ਹੁੰਦੀ । ਜੋ ਅੱਜ ਉਧਾਰਣ ਲਈ ਪਾਕਿਸਤਾਨ ਵਿੱਚ ਹੋ ਰਿਹਾ ਹੈ ਜਾਂ ਹੋਰਨਾ ਦੂਜੇ ਦੇਸਾਂ ਵਿੱਚ ਹੋਇਆ ਹੈ ਉਹਨਾ ਨੂੰ ਪਤਾ ਹੁੰਦਾ ਕਿ ਸਾਡੇ ਲੀਡਰ ਇਸ ਕੰਮ ਲਈ ਨਿਯੁਕਤ ਹਨ, ਉਹ ਇਸ ਦਾ ਹੱਕ ਪੂਰਾ ਕਰਨ ਦਾ ਜਤਨ ਕਰਨਗੇ । ਹਜ਼ਰਤ ਮੁਹੱਮਦ ਸਲਲੱਾਹੁ ਅਲੈਹਿ ਵਸਲੱਮ ਦੀ ਮਾਨ ਤੇ ਮਰਿਯਾਦਾ ਨੂੰ ਕਾਇਮ ਰੱਖਣ ਲਈ ਸਾਰਿਆਂ ਨਬੀਆਂ ਦੇ ਮਾਨ ਤੇ ਮਰਿਯਾਦਾ ਨੂੰ ਕਾਇਮ ਕਰਨ ਵਾਸਤੇ ਦੁਨੀਆ ਦੇ ਪਲੇਟਫ਼ਾਰਮ ਉਪੱਰ ਇਸ ਪ੍ਰਕਾਰ ਉਠੱਣ ਕਿ ਦੁਨੀਆ ਨੂੰ ਮਨ੍ਹਣਾ ਪਵੇ ਕਿ ਇਹ ਜੋ ਕਹਿ ਰਹੇ ਹਨ ਸੱਚ ਤੇ ਹੱਕ ਦੀ ਗੱਲ ਹੈ ।

ਫਿਰ ਪਛੱਮੀ ਦੇਸ਼ਾਂ ਅਤੇ ਵਿੱਚ ਦੁਨੀਆ ਦੇ ਹਰ ਖੇਤਰ ਵਿੱਚ ਮੁਸਲਮਾਨ ਵੱਡੀ ਗਿਣਤੀ ਵਿੱਚ ਵੱਸ ਰਹੇ ਹਨ । ਧਰਮ ਦੇ ਪੱਖੋਂ ਅਤੇ ਗਿਣਤੀ ਦੇ ਪੱਖੋਂ ਦੁਨੀਆ ਵਿੱਚ ਮੁਸਲਮਾਨ ਦੂਜੀ ਵੱਡੀ ਸ਼ਕਤੀ ਹਨ । ਜੇਕਰ ਇਹ ਰੱਬ ਦੇ ਹੁਕਮਾਂ ਉਪੱਰ ਚਲੱਣ ਵਾਲੀਆਂ ਹੋਣ ਤਾਂ ਹਰ ਪੱਖੋਂ ਸਭ ਤੋਂ ਵੱਡੀ ਸ਼ਕਤੀ ਬਣ ਸਕਦੇ ਹਨ । ਇਸ ਅਵਸਥਾ ਵਿੱਚ ਕਦੇ ਵੀ ਇਸਲਾਮ ਦੁਸ਼ਮਨ ਸ਼ਕਤੀਆਂ ਨੂੰ ਇਹ ਜੁਰੱਤ ਨਹੀਂ ਹੋਵੇਗੀ ਕਿ ਅਜਿਹੀ ਦਿਲ ਦੁਖਾਉਣ ਵਾਲੀ ਹਰਕਤਾਂ ਕਰ ਸਕਣ ਜਾਂ ਇਸ ਦਾ ਵਿਚਾਰ ਵੀ ਮਨ ਵਿੱਚ ਲਿਆਉਣ ।

ਮੁਸਲਮਾਨ ਦੇਸ਼ਾਂ ਤੋਂ ਬਿਨਾ ਦੁਨੀਆ ਦੇ ਹਰ ਦੇਸ਼ ਵਿੱਚ ਮੁਸਲਮਾਨਾਂ ਦੀ ਇਕ ਵੱਡੀ ਗਿਣਤੀ ਵਸੱਦੀ ਹੈ । ਯੁਰੋਪ ਵਿੱਚ ਮਿਲਿਯਨਜ਼ (Millions) ਦੀ ਗਿਣਤੀ ਵਿੱਚ ਤਾਂ ਕੇਵਲ ਤੁਰਕ ਹੀ ਵਸਦੇ ਹਨ । ਕੇਵਲ ਪੂਰੇ ਯੂਰੋਪ ਵਿੱਚ ਹੀ ਨਹੀਂ ਸਗੋਂ ਯੁਰੋਪ ਦੇ ਹਰ ਇਕ ਦੇਸ਼ ਵਿੱਚ ਮਿਲੀਯੰਜ਼ ਦੀ ਗਿਣਤੀ ਵਿੱਚ ਵਸੱਦੇ ਹਨ । ਇਸੇ ਪ੍ਰਕਾਰ ਦੂਜੀਆਂ ਮੁਸਲਮਾਨ ਕੌਮਾਂ ਇੱਥੇ ਵਸਦੀਆਂ ਹਨ । ਏਸ਼ੀਆ ਤੋਂ ਆਏ ਮੁਸਲਮਾਨ ਇੱਥੇ ਆਏ ਹੋਏ ਹਨ । ਯੂਕੇ ਵਿੱਚ ਵੀ

ਵਸੱਦੇ ਹਨ, ਅਮਰੀਕਾ ਵਿੱਚ ਵੀ ਵਸੱਦੇ ਹਨ ਕੈਨੇਡਾ ਵਿੱਚ ਵੀ ਵਸੱਦੇ ਹਨ, ਯੂਰੋਪ ਦੇ ਹਰ ਭਾਗ ਵਿੱਚ ਵਸੱਦੇ ਹਨ । ਜੇਕਰ ਇਹ ਸਾਰੇ ਫ਼ੈਸਲਾ ਕਰ ਲੈਣ ਕਿ ਆਪਣੇ ਵੋਟ ਉਹਨਾਂ ਲੀਡਰਾਂ ਨੂੰ ਦੇਣੇ ਹਨ ਜੋ ਧਾਰਮਕ ਰਵਾਦਾਰੀ ਦਾ ਪ੍ਰਗਟਾਵਾ ਕਰਨ । ਅਤੇ ਓਹਨਾ ਦਾ ਪ੍ਰਗਟਾਵਾ ਨ ਕੇਵਲ ਵਿਖਾਵੇ ਦਾ ਹੋਵੇ ਸਗੋਂ ਅਮਲੀ ਰੂਪ ਵਿੱਚ ਵੀ ਹੋ ਰਿਹਾ ਹੋਵੇ । ਅਤੇ ਉਹ ਅਜਿਹੇ ਬੇਹੂਦਾ ਲੋਕਾਂ ਦੀ, ਵਿਅਰਥ ਬਕਣ ਵਾਲਿਆਂ ਜਾਂ ਫ਼ਿਲਮਾਂ ਬਨਾਉਣ ਵਾਲਿਆਂ ਦੀ ਨਿਖੇਦੀ ਕਰਨਗੇ ਤਾਂ ਇਹਨਾ ਦੁਨੀਆਵੀ ਹੁਕੂਮਤਾਂ ਵਿੱਚ ਹੀ ਇਕ ਅਜਿਆ ਤਬਕਾ ਖੁੱਲ ਕੇ ਇਸ ਬੇਹੂਦਗੀ ਦੇ ਵਿਰੁਧ ਖੰਡਨ ਕਰਨ ਵਾਲਾ ਮਿਲ ਜਾਵੇਗਾ।

ਇਸ ਲਈ ਜੇਕਰ ਮੁਸਲਮਾਨ ਆਪਣੀ ਮਹਤੱਾ ਨੂੰ ਸਮਝਣ ਤਾਂ ਦੁਨੀਆ ਵਿੱਚ ਇਕ ਇੰਕਲਾਬ ਪੈਦਾ ਹੋ ਸਕਦਾ ਹੈ । ਉਹ ਦੇਸ਼ਾਂ ਦੇ ਅੰਦਰ ਧਾਰਮਕ ਭਾਵਨਾਵਾਂ ਦੇ ਮਾਨ ਸਨਮਾਨ ਦੇ ਕਾਨੂਨ ਬਣਵਾ ਸਕਦੇ ਹਨ । ਪਰ ਬਦਕਿਸਮਤੀ ਇਹ ਹੈ ਕਿ ਇਸ ਵੱਲ ਉਕੱਾ ਹੀ ਧਿਆਨ ਨਹੀਂ ਹੈ । ਜਮਾਤ ਅਹਮਦੀਆ, ਜੋ ਧਿਆਨ ਦੁਆਉਂਦੀ ਹੈ ਉਸਦੀ ਵਿਰੋਧਤਾ ਵਿੱਚ ਲੱਕ ਬੰਨ੍ਹੀ ਖੜੇ ਹਨ ਅਤੇ ਦੁਸਮਣਾ ਦੇ ਹੱਥ ਮਜ਼ਬੂਤ ਕਰ ਰਹੇ ਹਨ । ਅਲੱਾਹ ਤਆਲਾ ਮੁਸਲਮਾਨ ਲੀਡਰਾਂ ਨੂੰ, ਰਾਜਨੀਤਿਕਾਂ ਨੂੰ ਤੇ ਓਲਮਾ (ਮੌਲਵੀਆਂ) ਨੂੰ ਅਕਲ ਦੇਵੇ ਕਿ ਆਪਣੀ ਤਾਕਤ ਨੂੰ ਮਜ਼ਬੂਤ ਕਰਨ । ਆਪਣੀ ਮਹਤੱਾ ਨੂੰ ਪਛਾਨਣ ਤੇ ਆਪਣੀ ਸਿੱਖਿਆ ਵੱਲ ਧਿਆਨ ਦੇਣ ।

ਇਹ ਲੋਕ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਉਪੱਰ ਬੇਹੂਦਾ ਇਤਰਾਜ਼ ਕਰਦੇ ਹਨ, ਦੋਸ਼ ਲਾਉਂਦੇ ਹਨ ਅਤੇ ਜਿੰਨ੍ਹਾ ਨੇ ਇਹ ਫ਼ਿਲਮ ਬਣਾਈ ਹੈ ਜਾਂ ਇਸ ਵਿੱਚ ਕੰਮ ਕੀਤਾ ਹੈ ਉਹਨਾ ਦੇ ਆਚਰਣਕ ਮਿਆਰ ਦਾ ਅਨੁਮਾਨ ਤਾਂ ਮੀਡੀਆ ਵਿੱਚ ਓਹਨਾ ਬਾਰੇ ਜੋ ਜਾਨਕਾਰੀ ਦਿੱਤੀ

ਗਈ ਹੈ ਉਸ ਤੋਂ ਹੋ ਹੀ ਸਕਦਾ ਹੈ । ਕਿਹਾ ਜਾਂਦਾ ਹੈ ਕਿ ਸਭ ਤੋਂ ਵੱਧ ਕਿਰਦਾਰ ਇਕ ਕਬਤੀ ਈਸਾਈ ਦਾ ਹੈ ਜੋ ਅਮਰੀਕਾ ਵਿੱਚ ਰਹਿੰਦਾ ਹੈ । ਨਕੋਲਾ ਬੇਸਲੇ (Nakoula Basseley) ਜਾਂ ਇਸੇ ਪ੍ਰਕਾਰ ਦਾ ਉਸਦਾ ਕੋਈ ਨਾਂ ਹੈ ਜਾਂ ਸੈਮ ਬੇਸਲੇ (Sam Bacile) ਅਖਵਾਉਂਦਾ ਹੈ । ਇਸ ਦੇ ਬਾਰੇ ਲਿੱਖਿਆ ਹੈ ਕਿ ਇਸ ਦੀ ਕ੍ਰੀਮੀਨਲ ਬੈਕਗਰਾਉਂਡ (Criminal background) ਹੈ, ਮੁਜਰਮ  ਹੈ । ਇਹ ਫ਼ਰਾਡ ਕਰਕੇ 2010 ਈ. ਵਿੱਚ ਜੇਲ ਵਿੱਚ ਵੀ ਰਹਿ ਚੁੱਕਿਆ ਹੈ । ਦੂਜਾ ਮਨੁੱਖ ਜਿਸਨੇ ਫ਼ਿਲਮ ਡਾਇਰੈਕਟ ਕੀਤੀ ਹੈ ਇਹ ਪੋਰਨੋਗ੍ਰਫ਼ੀਜ਼ ਮੂਵੀਜ਼ ਦਾ ਡਾਇਰੈਕਟਰ ਹੈ । ਇਸ ਵਿੱਚ ਜੋ ਹੋਰ ਕ੍ਰੈਕਟਰ ਸ਼ਾਮਲ ਹਨ ਉਹ ਸਾਰੇ ਪੋਰਨੋਗ੍ਰਾਫ਼ਿਕਸ ਮੂਵੀਜ਼ ਦੇ ਐਕਟਰ ਹਨ । ਇਹ ਹਨ ਇਹਨਾ ਦੇ ਆਚਰਣ ਦੇ ਮਿਆਰ । ਪੋਰਨੋਗ੍ਰਾਫ਼ੀਜ਼ ਦੀਆਂ ਜੋ ਹੱਦਾਂ ਹਨ ਉਹ ਤਾਂ ਮਨੁੱਖ ਸੋਚ ਵੀ ਨਹੀਂ ਸਕਦਾ । ਇਹ ਲੋਕ ਕਿਹੜੇ ਗੰਦ ਵਿੱਚ ਡੁੱਬੇ ਹੋਏ ਹਨ ਤੇ ਇਤਰਾਜ਼ ਉਸ ਹਸਤੀ ਉਪੱਰ ਕਰਨ ਟੁਰੇ ਹਨ ਜਿਸ ਦੇ ਉੱਚੇ ਤੇ ਸੁੱਚੇ ਆਚਰਣ ਅਤੇ ਪਵਿਤੱਰਤਾ ਦੀ ਰੱਬ ਨੇ ਗਵਾਹੀ ਦਿੱਤੀ ਹੈ ।

ਸੋ, ਉਹਨਾਂ ਨੇ ਇਹ ਗੰਦਗੀ ਕਰਕੇ ਅਵਸ਼ ਹੀ ਰੱਬ ਦੇ ਅਜ਼ਾਬ ਨੂੰ ਸੱਦਾ ਦਿੱਤਾ ਹੈ ਅਤੇ ਦਿੰਦੇ ਜਾ ਰਹੇ ਹਨ । ਇਸੇ ਪ੍ਰਕਾਰ ਇਸ ਫ਼ਿਲਮ ਨੂੰ ਸਪਾਂਸਰ ਕਰਨ ਵਾਲੇ ਵੀ ਰੱਬ ਦੇ ਅਜ਼ਾਬ ਤੋਂ ਬੱਚ ਨਹੀਂ ਸਕਦੇ । ਇਹਨਾਂ ਵਿੱਚ ਇਕ ਉਹ ਈਸਾਈ ਪਾਦਰੀ ਵੀ ਹੈ ਜੋ ਵੱਖ ਵੱਖ ਸਮਿਆਂ ਵਿੱਚ ਅਮਰੀਕਾ ਵਿੱਚ ਆਪਣੀ ਸਸਤੀ ਸ਼ੁਹਰਤ ਲਈ ਕੁਰਆਨ ਆਦਿ ਨੂੰ ਸਾੜਨ ਦੇ ਵੀ ਜਤਨ ਕਰਦਾ ਰਿਹਾ ਹੈ । ਅਲੱਾਹੁਮੱਾ ਮੱਜ਼ਿਕਹੁਮ ਕੁਲੱਾ ਮੁਮਜ਼ੱਾਕਿਨ ਵ ਸਾਹਿਕਹੁਮ ਤਸਹੀਕਾ ।

ਮੀਡੀਆ ਵਿੱਚ ਕਈਆਂ ਨੇ ਖੰਡਨ ਕਰਨ ਦਾ ਵੀ ਜਤਨ ਕੀਤਾ ਹੈ ਅਤੇ ਨਾਲ ਹੀ ਮੁਸਲਮਾਨਾਂ ਦੀ ਪ੍ਰਤੀਕ੍ਰਿਆ ਦਾ ਵੀ ਖੰਡਨ ਕੀਤਾ ਹੈ । ਠੀਕ ਹੈ ਗ਼ਲਤ ਪ੍ਰਤੀਕ੍ਰਿਆ ਦਾ ਖੰਡਨ ਹੋਣਾ ਚਾਹੀਦਾ ਹੈ ਪਰ ਇਹ ਵੀ ਦੇਖਣ ਕਿ ਪਹਿਲ ਕਰਨ ਵਾਲਾ ਕੌਣ ਹੈ ।

ਜਿਵੇਂ ਕਿ ਮੈਂ ਕਿਹਾ ਮੁਸਲਮਾਨਾਂ ਦੀ ਬਦਕਿਸਮਤੀ ਹੈ ਕਿ ਇਹ ਸਭ ਕੁਝ ਮੁਸਲਮਾਨਾਂ ਦੀ ਏਕਤਾ ਤੇ ਲੀਡਰਸ਼ਿਪ ਨ ਹੋਣ ਕਰਕੇ ਹੋ ਰਿਹਾ ਹੈ। ਧਰਮ ਤੋਂ ਤਾਂ ਇਸ਼ਕੇ ਰਸੂਲ ਦਾ ਦਾਵਾ ਹੁੰਦਿਆਂ ਹੋਇਆ ਵੀ ਦੂਰ ਹਨ । ਦਾਵਾ ਤਾਂ ਭਾਵੇਂ ਹੈ ਪਰ ਧਰਮ ਦਾ ਕੋਈ ਗਿਆਨ ਨਹੀਂ ਹੈ । ਸੰਸਾਰਕ ਪੱਖੋਂ ਵੀ ਕਮਜ਼ੋਰ ਹੁੰਦੇ ਜਾ ਰਹੇ ਹਨ । ਕਿਸੇ ਮੁਸਲਮਾਨ ਦੇਸ਼ ਨੇ ਕਿਸੇ ਦੇਸ਼ ਨੂੰ ਵੀ ਪੁਰਜ਼ੋਰ ਢੰਗ ਨਾਲ ਪ੍ਰੋਟੈਸਟ ਲਈ ਨਹੀਂ ਕਿਹਾ । ਜੇਕਰ ਕੀਤਾ ਵੀ ਹੈ ਤਾਂ ਇਤਨੇ ਕਮਜ਼ੋਰ ਢੰਗ ਨਾਲ ਕਿ ਮੀਡੀਆ ਨੇ ਇਸਨੂੰ ਕੋਈ ਅਹਮੀਯਤ ਹੀ ਨਹੀਂ ਦਿੱਤੀ । ਜੇਕਰ ਮੁਸਲਮਾਨਾਂ ਦੇ ਪ੍ਰਟੈਸਟ ਉਪੱਰ ਕੋਈ ਖ਼ਬਰ ਲਾਈ ਵੀ ਹੈ ਤਾਂ ਇਹ 1.8 ਬਿਲੀਯਨ ਮੁਸਲਮਾਨ ਬੱਚਿਆਂ ਵਾਂਗ ਪ੍ਰਤੀਕ੍ਰਿਆ ਦਿਖਾ ਰਹੇ ਹਨ । ਜੱਦ ਕੋਈ ਸਾਂਭਣ ਵਾਲਾ ਨ ਹੋਵੇ ਤਾਂ ਫਿਰ ਇਧੱਰ ਉਧੱਰ ਫਿਰਨ ਵਾਲੇ ਹੀ ਹੁੰਦੇ ਹਨ । ਫਿਰ ਪ੍ਰਤੀਕ੍ਰਿਆ ਬੱਚਿਆਂ ਵਰਗੀ ਹੀ ਹੁੰਦੀ ਹੈ । ਇਸ ਪੱਖੋਂ ਇਕ ਮਿਹਣਾ ਵੀ ਮਾਰ ਦਿੱਤਾ ਤੇ ਵਾਸਤਵਿਕਤਾ ਵੀ ਪ੍ਰਕਟ ਕਰ ਦਿੱਤੀ । ਹੁਣ ਵੀ ਰੱਬ ਕਰੇ ਕਿ ਮੁਸਲਮਾਨਾਂ ਨੂੰ ਸ਼ਰਮ ਆ ਜਾਵੇ ।

ਇਹ ਲੋਕ ਜਿੰਨ੍ਹਾਂ ਦੀ ਰੂਹਾਨੀ ਅੱਖ ਤਾਂ ਅੰਨ੍ਹੀ ਹੈ ਜਿੰਨ੍ਹਾ ਨੂੰ ਨਬੀਆਂ ਦੇ ਮੁਕਾਮ ਦਾ ਪਤਾ ਹੀ ਨਹੀਂ ਹੈ, ਜੋ ਹਜ਼ਰਤ ਈਸਾ ਅਲੈਹਿ ਸਲਾਮ ਦੇ ਮੁਕਾਮ ਨੂੰ ਵੀ ਡਿਗਾਕੇ ਚੁੱਪ ਰਹਿੰਦੇ ਹਨ ਉਹਨਾਂ ਨੂੰ ਤਾਂ ਮੁਸਲਮਾਨਾਂ ਦਾ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਲਈ ਭਾਵਨਾਵਾਂ ਦੇ ਪ੍ਰਗਟਾਵੇ ਬੱਚਿਆਂ ਵਾਂਗ ਪ੍ਰਤੀਕ੍ਰਿਆ ਦਿੱਸੇਗੀ । ਪਰ ਜਿਵੇਂ ਕਿ ਮੈਂ ਕਿਹਾ ਕਿ 2006 ਈ. ਵਿੱਚ

ਵੀ ਮੈਂ ਧਿਆਨ ਦੁਆਇਆ ਸੀ ਕਿ ਇਸ ਵੱਲ ਧਿਆਨ ਦੇਣ ਅਤੇ ਇਕ ਅਜਿਹੀ ਠੋਸ ਨੀਤੀ ਉਲੀਕੀ ਜਾਵੇ ਕਿ ਭਵਿੱਖ ਵਿੱਚ ਕਿਸੇ ਨੂੰ ਅਜਿਹੀ ਬੇਹੂਦਗੀ ਦੀ ਜੁਰੱਤ ਨ ਹੋਵੇ । ਕਾਸ਼ ਮੁਸਲਮਾਨ ਦੇਸ਼ ਇਹ ਸੁਣ ਲੈਣ ਅਤੇ ਜੋ ਉਹਨਾ ਤੱਕ ਪਹੁੰਚ ਸਕਦਾ ਹੈ ਤਾਂ ਹਰ ਅਹਮਦੀ ਨੂੰ ਉਹਨਾਂ ਤੱਕ ਪਹੁੰਚਾਓਣ ਦਾ ਜਤਨ ਕਰਨਾ ਚਾਹੀਦਾ ਹੈ । ਚਾਰ ਦਿਨ ਦਾ ਪ੍ਰੋਟੈਸਟ ਕਰਕੇ ਬਹਿ ਜਾਣ ਨਾਲ ਤਾਂ ਇਹ ਮਸਲਾ ਹੱਲ ਨਹੀਂ ਹੋਵੇਗਾ ।

ਫਿਰ ਇਹ ਸਲਾਹ ਵੀ ਇਕ ਥਾਂ ਤੋਂ ਆਈ ਸੀ, ਲੋਕ ਵੀ ਵੱਖ ਵੱਖ ਸਲਾਹਵਾਂ ਦਿੰਦੇ ਰਹਿੰਦੇ ਹਨ ਕਿ ਦੁਨੀਆ ਭਰ ਦੇ ਮੁਸਲਮਾਨ ਵਕੀਲ ਜੋ ਇਕਜੁਟ ਹੋਕੇ ਪਟੀਸ਼ਨ ਦਾਇਰ ਕਰਨ । ਕਾਸ਼ ਮੁਸਲਮਾਨ ਵਕੀਲ ਜੋ ਅੰਤਰ ਰਾਸ਼ਟਰੀ ਪਧੱਰ ਰੱਖਦੇ ਹਨ ਇਸ ਬਾਰੇ ਸੋਚਣ, ਇਸ ਦੇ ਸੰਭਵ ਹੋਣ ਉਪੱਰ ਗ਼ੌਰ ਕਰਨ ਕਿ ਇਹ ਹੋ ਵੀ ਸਕਦਾ ਹੈ ਜਾਂ ਨਹੀਂ ਜਾਂ ਕੋਈ ਹੋਰ ਮਾਰਗ ਕਢੱਣ । ਕਦੋਂ ਤੱਕ ਅਜਿਹੀਆਂ ਬੇਹੂਦਗੀਆਂ ਨੂੰ ਹੁੰਦਿਆਂ ਹੋਇਆਂ ਦੇਖਦੇ ਰਹਿਣਗੇ । ਅਤੇ ਅਪਣੇ ਦੇਸ਼ ਵਿੱਚ ਪ੍ਰੋਟੈਸਟ ਤੇ ਭੰਨ ਤੋੜ ਕਰਕੇ ਬੈਠ ਜਾਵਾਂਗੇ । ਇਸ ਦਾ ਤਾਂ ਉਸ ਪਛੱਮੀ ਦੁਨੀਆ ਉਪੱਰ ਕੋਈ ਪ੍ਰਭਾਵ ਨਹੀਂ ਹੋਵੇਗਾ ਜਾਂ ਉਹਨਾਂ ਫ਼ਿਲਮ ਬਨਾਉਣ ਵਾਲਿਆਂ ਉਪੱਰ ਤਾਂ ਕੋਈ ਪ੍ਰਭਾਵ ਨਹੀਂ ਹੋਵੇਗਾ । ਜੇਕਰ ਦੇਸ਼ਾਂ ਵਿੱਚ ਮਾਸੂਮਾਂ ਉਪੱਰ ਹਮਲਾ ਕਰਾਂਗੇ ਜਾਂ ਥਰੀਟ (Threat) ਦਿਆਂਗੇ ਜਾਂ ਮਾਰਨ ਦਾ ਜਤਨ ਕਰਾਂਗੇ ਜਾਂ ਅੰਬੈਸੀਜ਼ ਉਪੱਰ ਹਮਲਾ ਕਰਾਂਗੇ ਤਾਂ ਇਹ ਤਾਂ ਇਸਲਾਮ ਦੀ ਸਿੱਖਿਆ ਦੇ ਵਿਰੁਧ ਹੈ । ਇਸਲਾਮ ਇਸ ਦੀ ਉੱਕਾ ਹੀ ਆਗਿਆ ਨਹੀਂ ਦਿੰਦਾ । ਅਜਿਹੀ ਅਵਸਥਾ ਵਿੱਚ ਤਾਂ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਉਪੱਰ ਇਤਰਾਜ਼ ਲਗਾਉਣ ਦਾ ਮੌਕਾ ਪੈਦਾ ਕਰ ਦਿਆਂਗੇ ।

ਤਸ਼ੱਦੁਦ ਇਸਦਾ ਉਤੱਰ ਨਹੀਂ ਹੈ । ਇਸਦਾ ਉਤੱਰ ਉਹੋ ਹੈ ਜੋ ਮੈਂ ਉਪੱਰ ਦੱਸ ਆਇਆ ਹਾਂ ਕਿ ਆਪਣੇ ਕਰਮਾ ਦਾ ਸੁਧਾਰ ਅਤੇ ਉਸ ਨਬੀ ਉਪੱਰ ਦੁਰੂਦ ਤੇ ਸਲਾਮ ਜੋ ਮਨੁੱਖਤਾ ਦੀ ਮੁਕਤੀ ਦਾ ਸਾਧਨ ਹੈ । ਅਤੇ ਸੰਸਾਰਕ ਜਤਨਾਂ ਲਈ ਮੁਸਲਮਾਨ ਦੇਸ਼ਾਂ ਦਾ ਇਕਜੁਟ ਹੋਣਾ । ਪਛੱਮੀ ਦੇਸ਼ਾਂ ਵਿੱਚ ਰਹਿਣ ਵਾਲੇ ਮੁਸਲਮਾਨਾਂ ਨੂੰ ਆਪਣੇ ਵੋਟ ਦੀ ਸ਼ਕਤੀ ਮਨਵਾਉਣੀ । ਹਾਂ, ਜਮਾਤ ਅਹਮਦੀਆ ਦੇ ਲੋਕ ਜਿੱਥੇ ਜਿੱਥੇ ਵੀ ਹਨ ਉਹ ਇਸ ਢੰਗ ਨਾਲ ਕੰਮ ਕਰਨ ਅਤੇ ਆਪਣੇ ਗ਼ੈਰ ਅਹਮਦੀ ਮਿਤੱਰਾਂ ਨੂੰ ਵੀ ਇਸੇ ਢੰਗ ਨਾਲ ਚਲਾਉਣ ਲਈ ਜਤਨ ਕਰਨ ਕਿ ਆਪਣੀ ਤਾਕਤ ਤੇ ਵੋਟ ਦੀ ਤਾਕਤ ਜੋ ਉਹਨਾਂ ਦੇਸ਼ਾਂ ਵਿੱਚ ਹੈ ਮਨਵਾਓ । ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਪਵਿਤੱਰ ਜੀਵਨ ਦੇ ਅਨੇਕਾਂ ਪੱਖਾਂ ਨੂੰ ਵੀ ਦੁਨੀਆ ਦੇ ਸਾਹਮਣੇ ਖ਼ੂਬਸੂਰਤ ਢੰਗ ਨਾਲ ਪੇਸ਼ ਕਰੋ ।

ਅੱਜ ਇਹ ਲੋਕ ਵਿਚਾਰਾਂ ਦੀ ਆਜ਼ਾਦੀ ਦਾ ਰੌਲ੍ਹਾ ਪਾਉਂਦੇ ਹਨ । ਰੌਲ੍ਹਾ ਪਾਉਂਦੇ ਹਨ ਕਿ ਇਸਲਾਮ ਵਿੱਚ ਤਾਂ ਵਿਚਾਰਾਂ ਦੀ ਸੁਤੰਤਰਤਾ ਅਤੇ ਬੋਲਣ ਦਾ ਅਖ਼ਤਿਆਰ ਹੈ ਹੀ ਨਹੀਂ ਅਤੇ ਉਧਾਰਣਾ ਅੱਜ ਕਲ੍ਹ ਦੀ ਮੁਸਲਮਾਨ ਦੁਨੀਆ ਦੀ ਦਿੰਦੇ ਹਨ ਕਿ ਮੁਸਲਮਾਨ ਦੇਸਾਂ ਵਿੱਚ ਉੱਥੋਂ ਦੇ ਲੋਕਾਂ ਨੂੰ ਤੇ ਸ਼ਹਿਰੀਆਂ ਨੂੰ ਅਜ਼ਾਦੀ ਨਹੀਂ ਮਿਲਦੀ । ਜੇਕਰ ਨਹੀਂ ਮਿਲਦੀ ਤਾਂ ਉਹਨਾਂ ਦੇਸ਼ਾਂ ਦੀ ਬਦਕਿਸਮਤੀ ਹੈ ਕਿ ਇਸਲਾਮੀ ਸਿੱਖਿਆ ਉਪੱਰ ਅਮਲ ਨਹੀਂ ਕਰ ਰਹੇ । ਇਸਲਾਮੀ ਸਿੱਖਿਆ ਦਾ ਤਾਂ ਇਸ ਨਾਲ ਕੋਈ ਸੰਬੰਧ ਨਹੀਂ, ਸਾਨੂੰ ਤਾਂ ਇਤਿਹਾਸ ਵਿੱਚ ਲੋਕਾਂ ਦਾ ਬੇ ਧੜਕ ਹਜ਼ਰਤ ਮੁਹਮੱਦ ਸਸਲੱਾਹੁ ਅਲੈਹਿ ਵਸਲੱਮ ਨਾਲ ਸੰਬੋਧਨ ਹੋਣਾ ਸਗੋਂ ਆਪ ਜੀ ਨੂੰ ਅਪਮਾਨਤ ਕਰਨ ਦੀਆਂ ਅਨੇਕਾਂ ਹੀ ਘਟਨਾਵਾਂ ਮਿਲਦੀਆਂ ਹਨ, ਪਰ ਇਹ ਸਭ ਕੁਝ ਹੁੰਦਿਆਂ ਹੋਇਆਂ ਵੀ ਆਪ ਦੇ ਸਬਰ, ਸੰਤੋਖ, ਸਹਿਨਸ਼ੀਲਤਾ ਤੇ ਹੌਂਸਲੇ ਦੀਆਂ

ਦੁਨੀਆ ਵਿੱਚ ਇਸ ਦੀ ਕੋਈ ਉਧਾਰਣ ਨਹੀਂ ਮਿਲ ਸਕਦੀ । ਮੈਂ ਕੁਝ ਉਧਾਰਣਾ ਪੇਸ਼ ਕਰਦਾ ਹਾਂ। ਭਾਵੇਂ ਇਨ੍ਹਾਂ ਘਟਨਾਵਾਂ ਨੂੰ ਆਪ ਜੀ ਦੀ ਦਾਨਸ਼ੀਲਤਾ ਤੇ ਉਦਾਰਤਾ ਵਿੱਚ ਵਰਨਣ ਕੀਤਾ ਜਾਂਦਾ ਹੈ, ਪਰ ਇਹਨਾ ਹੀ ਘਟਨਾਵਾਂ ਵਿੱਚ ਆਪਦੀ ਖੁੱਲ-ਡੁੱਲ ਤੇ ਆਜ਼ਾਦੀ ਦੀ ਹੱਦ ਦਾ ਅਤੇ ਫਿਰ ਆਪ ਜੀ ਦੇ ਹੌਂਸਲੇ ਦਾ ਵੀ ਪ੍ਰਗਟਾਵਾ ਹੁੰਦਾ ਹੈ ।

ਹਜ਼ਰਤ ਜਬੀਰ ਬਿਨ ਮੁਤਅਮ ਰਜ਼ੀ ਅਲੱਾਹ ਅਨਹੁ ਦੀ ਰਿਵਾਇਤ ਹੈ । ਉਹ ਕਹਿੰਦੇ ਹਨ ਕਿ ਇਕ ਵਾਰ ਉਹ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਨਾਲ ਸਨ ਅਤੇ ਆਪ ਜੀ ਨਾਲ ਹੋਰ ਵੀ ਲੋਕ ਸਨ। ਆਪ ਹੁਨੈਨ ਤੋਂ ਆ ਰਹੇ ਸਨ ਕਿ ਬਦਵੀ ਲੋਕ ਆਪ ਨੂੰ ਲਿਪਟ ਗਏ, ਉਹ ਆਪ ਤੋਂ ਮੰਗਦੇ ਸਨ, ਇੱਥੋਂ ਤੱਕ ਕਿ ਉਹਨਾ ਨੇ ਆਪਨੂੰ ਧੱਕੇ ਨਾਲ ਇਕ ਬਬੂਲ (ਕਿੱਕਰ) ਦੇ ਰੁੱਖ ਵੱਲ ਹਟਣ ਲਈ ਮਜਬੂਰ ਕਰ ਦਿੱਤਾ, ਜਿਸ ਦੇ ਕੰਢਿਆਂ ਵਿੱਚ ਆਪ ਜੀ ਦੀ ਚਾਦਰ ਫਸ ਗਈ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਠਹਿਰ ਗਏ ਅਤੇ ਆਪ ਨੇ ਫ਼ਰਮਾਇਆ, ਮੇਰੀ ਚਾਦਰ ਮੈਂਨੂੰ ਦੇ ਦਿਓ, ਜੇਕਰ ਮੇਰੇ ਕੋਲ ਜੰਗਲੀ ਰੁੱਖਾ ਦੀ ਗਿਣਤੀ ਦੇ ਬਰਾਬਰ ਊਠ ਹੁੰਦੇ ਤਾਂ ਵੀ ਮੈਂ ਉਹਨਾਂ ਨੂੰ ਤੁਹਾਡੇ ਵਿੱਚ ਵੰਡ ਦਿੰਦਾ ਅਤੇ ਫਿਰ ਤੁਸੀਂ ਮੈਂਨੂੰ ਬਖ਼ੀਲ (ਕੰਜੂਸ) ਨ ਵਿਹੰਦੇ ਅਤੇ ਨ ਹੀ ਝੂਠਾ ਅਤੇ ਨ ਹੀ ਬੁਜ਼ਦਿਲਾ । (ਸਹੀ ਬੁਖ਼ਾਰੀ ਕਿਤਾਬ ਫ਼ਰਜ਼ੁਲ ਖ਼ਮਸ ਬਾਬ ਮਾ ਕਾਨਨੱਬੀ ਸਲਲੱਾਹੁ ਅਲੈਹਿ ਵਸਲੱਮ ਯੋਤਿਲ ਮੋਅਲੱਫ਼ਹ ਕੁਲੂਬੁਹੁਮ ਵ ਗ਼ੈਰਾਹੁਮ...ਹਦੀਸ ਨੰ. 3148)

ਫਿਰ ਇਕ ਰਿਵਾਇਤ ਹਜ਼ਰਤ ਅਨਸ ਰਜ਼ੀ ਅਲੱਾਹ ਅਨਹੁ ਦੀ ਹੈ, ਵਰਨਣ ਕਰਦੇ ਹਨ ਕਿ ਮੈਂ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਦੀ ਸੰਗਤ ਵਿੱਚ ਸੀ ਅਤੇ ਆਪਨੇ ਇਕ ਮੋਟੀ ਕਿਨਾਰੀ ਵਾਲੀ ਚਾਦਰ ਪਾਈ ਹੋਈ

ਸੀ, ਇਕ ਬੱਦੂ ਨੇ ਇਸ ਚਾਦਰ ਨੂੰ ਇੰਨ੍ਹੇ ਜ਼ੋਰ ਨਾਲ ਖਿੱਚਿਆ ਕਿ ਇਸ ਦੀ ਕਿਨਾਰੀ ਦੇ ਨਿਸ਼ਾਨ ਆਪ ਦੀ ਗਰਦਨ ਉਪੱਰ ਪੈ ਗਏ । ਫਿਰ ਉਸ ਨੇ ਕਿਹਾ, ਹੇ, ਮੁਹਮੱਦ ! (ਸਲਲੱਾਹੁ ਅਲੈਹਿ ਵਸਲੱਮ) ਅਲੱਾਹ ਦੇ ਉਸ ਮਾਲ ਵਿੱਚੋਂ ਜੋ ਉਸਨੇ ਆਪਨੂੰ ਦਿੱਤਾ ਹੈ ਮੇਰੇ ਇਹਨਾ ਦੋਹਾਂ ਊਠਾਂ ਉਪੱਰ ਲੱਦ ਦਿਓ, ਕਿਉਂਕਿ ਆਪ ਮੈਂਨੂੰ ਨ ਤਾਂ ਆਪਣੇ ਮਾਲ ਵਿੱਚੋਂ ਅਤੇ ਨ ਹੀ ਆਪਣੇ ਪਿਤਾ ਦੇ ਮਾਲ ਵਿੱਚੋਂ ਦਿਓਗੇ । ਪਹਿਲਾਂ ਤਾਂ ਆਪ ਚੁੱਪ ਰਹੇ, ਫਿਰ ਫ਼ਰਮਾਇਆ, ਅਲਮਾਲੁ ਮਾਲੁਲੱਾਹੇ ਵ ਅਨਾ ਅਬਦੁਹੂ ਕਿ ਮਾਲ ਤਾਂ ਅਲੱਾਹ ਦਾ ਹੀ ਹੈ ਅਤੇ ਮੈਂ ਉਸਦਾ ਬੰਦਾ ਹਾਂ । ਫਿਰ ਆਪ ਨੇ ਫ਼ਰਮਾਇਆ, ਮੈਂਨੂੰ ਜੋ ਕਸ਼ਟ ਪਹੁੰਚਾਇਆ ਹੈ ਉਸਦਾ ਬਦਲਾ ਲਿਆ ਜਾਵੇਗਾ । ਉਸ ਬੱਦੂ ਨੇ ਕਿਹਾ, ਨਹੀਂ । ਆਪਨੇ ਪੁੱਛਿਆ ਕਿ ਬਦਲਾ ਕਿਉਂ ਨਹੀ ਲਿਆ ਜਾਵੇਗਾ ? ਉਸ ਬੱਦੂ ਨੇ ਕਿਹਾ ਇਸ ਲਈ ਕਿ ਆਪ ਬੁਰਾਈ ਦਾ ਬਦਲਾ ਬੁਰਾਈ ਨਾਲ ਨਹੀਂ ਲੈਂਦੇ। ਇਸ ਗੱਲ ’ਤੇ ਨਬੀ ਕਰੀਮ ਸਲਲੱਾਹੁ ਅਲੈਹਿ ਵਸਲੱਮ ਹੱਸ ਪਏ ਅਤੇ ਆਪ ਜੀ ਨੇ ਹੁਕੁਮ ਫ਼ਰਮਾਇਆ ਕਿ ਇਸ ਦੇ ਇਕ ਊਠ ਉਪੱਰ ਜੌ ਅਤੇ ਦੂਜੇ ਉਪੱਰ ਖਜੂਰਾਂ ਲੱਦ ਦਿੱਤੀਆਂ ਜਾਣ । (ਅੱਸ਼ਿਫ਼ਾ ਲਿ ਕਾਜ਼ੀ ਇਯਾਜ਼ ਜੁਜ਼ ਅਵੱਲ ਸਫ਼ਾ 74 ਅਲਬਾਬੁਸੱਾਨੀ ਫ਼ੀ ਤਕਮੀਲਿਲੱਾਹੇ ਤਆਲਾ ... ਅਲਫ਼ਸਲ ਵ ਅਮੱਲਹਿਲਮ .... ਦਾਰੁਲ ਕੁਤੁਬੁਲ ਇਲਮਿਯਾਤੁ ਬੈਰੂਤ 2002 ਈ. )

ਇਹ ਹੈ ਉਹ ਸਬਰ ਤੇ ਸਹਿਨਸ਼ੀਲਤਾ ਦੇ ਮੁਕਾਮ ਜੋ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦਾ ਸੀ ਜੋ ਆਪਣਿਆ ਨਾਲ ਹੀ ਨਹੀਂ ਦੁਸ਼ਮਣਾ ਨਾਲ ਵੀ ਸੀ । ਇਹ ਹਨ ਉਹ ਉੱਚੇ ਆਚਰਣ, ਇਹਨਾਂ ਵਿੱਚ ਦਾਨਸ਼ੀਲਤਾ ਤੇ ਉਦਾਰਤਾ ਵੀ ਹੈ, ਸਬਰ ਤੇ ਸਹਿਨਸ਼ੀਲਤਾ ਵੀ ਹੈ ਅਤੇ ਬੁਲੰਦ ਹੌਂਸਲੇ ਦਾ ਪ੍ਰਗਟਾਵਾ ਵੀ ਹੈ । ਇਹ ਇਤਰਾਜ਼ ਕਰਨ ਵਾਲੇ ਮੂਰਖ ਬਿਨਾ ਗਿਆਨ ਦੇ ਉਠੱਦੇ ਹਨ ਅਤੇ ਉਸ ਰਹਮਾਤੁਲ ਲਿਲ ਆਲਾਮੀਨ

(ਸਾਰਿਆਂ ਜਹਾਂਨਾ ਲਈ ਰਹਿਮਤ) ਉਪੱਰ ਇਤਰਾਜ਼ ਕਰ ਦਿੰਦੇ ਹਨ ਕਿ ਉਹਨਾਂ ਨੇ ਇਹ ਸਖ਼ਤੀ ਕੀਤੀ ਸੀ ਅਤੇ ਅਤੇ ਫਲਾਣਾ ਸੀ ਤੇ ਫਲਾਣਾ ਸੀ ।

ਫਿਰ ਕੁਰਆਨ ਕਰੀਮ ਉਪੱਰ ਇਤਰਾਜ਼ ਕਰਦੇ ਹਨ । ਇਹ ਵੀ ਸੁਣਿਆ ਹੈ ਕਿ ਇਸ ਫ਼ਿਲਮ ਵਿੱਚ ਲਾਇਆ ਗਿਆ ਹੈ । ਮੈਂ ਦੇਖੀ ਤਾਂ ਨਹੀਂ ਪਰ ਮੈਂ ਲੋਕਾਂ ਤੋਂ ਸੁਣਿਆ ਹੈ ਕਿ ਇਹ ਕੁਰਆਨ ਕਰੀਮ ਵੀ ਹਜ਼ਰਤ ਖ਼ਦੀਜਾ ਦੇ ਜੋ ਚਚੇਰੇ ਭਾਈ ਸਨ, ਵਰਕਾ ਬਿਨ ਨੌਫ਼ਲ, ਜਿੰਨ੍ਹਾ ਕੋਲ ਹਜ਼ਰਤ ਖ਼ਦੀਜਾ ਪਹਿਲੀ ਵਹੀ ਦੇ ਮਗਰੋਂ ਲੈਕੇ ਗਈ ਸਨ ਉਹਨਾਂ ਨੇ ਲਿੱਖ ਕੇ ਦਿੱਤਾ ਸੀ । ਕੁਫ਼ੱਾਰ  (ਇਨਕਾਰੀ) ਤਾਂ ਆਪ ਦੇ ਜੀਵਨਕਾਲ ਵਿੱਚ ਵੀ ਇਹ ਇਤਰਾਜ਼ ਕਰਦੇ ਰਹੇ ਕਿ ਇਹ ਕੁਰਆਨ ਕਰੀਮ ਜੋ ਤੁਸੀਂ ਕਿਸਤਾਂ ਵਿੱਚ ਉਤਾਰ ਰਹੇ ਹੋ ਜੇਕਰ ਇਹ ਰੱਬ ਦਾ ਕਲਾਮ ਹੈ ਤਾਂ ਇੱਕੋ ਵਾਰ ਕਿਉਂ ਨਹੀਂ ਉਤਰਿਆ ? ਪਰੰਤੂ ਇਹ ਵਿਚਾਰੇ ਉਕੱਾ ਹੀ ਅਗਿਆਨੀ ਹਨ ਸਗੋਂ ਇਤਿਹਾਸ ਤੋਂ ਵੀ ਉੱਕਾ ਹੀ ਅਨਜਾਣ। ਬਹਿਰਹਾਲ ਜੋ (ਫ਼ਿਲਮ) ਬਨਾਓਣ ਵਾਲੇ ਹਨ ਉਹ ਤਾਂ ਅਜਿਹੇ ਹੀ ਹਨ ਪਰ ਦੋ ਪਾਦਰੀ ਜੋ ਉਹਨਾਂ ਵਿੱਚ ਸ਼ਾਮਲ ਹਨ ਜੋ ਆਪਣੇ ਆਪ ਨੂੰ ਗਿਆਨਵਾਨ ਸਮਝਦੇ ਹਨ ਉਹ ਵੀ ਜਾਨਕਾਰੀ ਦੇ ਪੱਖੋਂ ਉੱਕਾ ਹੀ ਜਾਹਲ ਹਨ । ਵਰਕਾ ਬਿਨ ਨੌਫ਼ਲ ਨੇ ਤਾਂ ਇਹ ਕਿਹਾ ਸੀ ਕਿ ਕਾਸ਼ ਮੈਂ ਉਸ ਸਮੇਂ ਜੀਉਂਦਾ ਹੁੰਦਾ ਜੱਦ ਤੇਰੀ ਕੌਮ ਵਤਨ’ਚੋਂ ਕੱਢੇਗੀ ਅਤੇ ਕੁਝ ਸਮੇਂ ਮਗਰੋਂ ਉਹਨਾਂ ਦੀ ਮੌਤ ਵੀ ਹੋ ਗਈ । (ਸਹੀ ਬੁਖ਼ਾਰੀ ਕਿਤਾਬ ਬਦਾਉਲ ਵਹੀ ਬਾਬ 3 ਹਦੀਸ ਨੰ. 3)

ਫਿਰ ਇਹ ਜੋ ਪਾਦਰੀ ਹਨ ਜਿਵੇਂ ਕਿ ਮੈਂ ਦੱਸਿਆ ਇਤਿਹਾਸ ਅਤੇ ਹਕੀਕਤ ਤੋਂ ਉਕੱਾ ਹੀ ਸੱਖਣੇ ਹਨ । ਜੋ ਫ਼ਰੰਗੀ ਹਨ (ਪੂਰਬੀ ਭਾਸ਼ਾਵਾਂ ਦੇ ਗਿਆਤਾ) ਉਹ ਕੁਰਆਨ ਕਰੀਮ ਬਾਰੇ ਇਸ ਬਹਿਸ ਵਿੱਚ ਹਮੇਸ਼ਾ ਪਏ

ਰਹਿੰਦੇ ਹਨ ਕਿ ਇਹ ਸੂਰਤ ਕਿੱਥੇ ਉਤਰੀ ਸੀ ਅਤੇ ਉਹ ਸੂਾਰਤ ਕਿੱਥੇ ਉਤਰੀ ? ਮਦੀਨੇ ਵਿੱਚ ਨਾਜ਼ਲ ਹੋਈ ਜਾ ਮੱਕੇ ਵਿੱਚ ? ਇਸ ਗੱਲ ਉਪੱਰ ਵੀ ਬਹਿਸ ਕਰਦੇ ਹਨ ਅਤੇ ਕਹਿੰਦੇ ਹਨ ਕਿ ਇਹ ਉਸਨੇ ਲਿੱਖ ਕੇ ਦਿੱਤਾ ਸੀ । ਜੱਦ ਕਿ ਕੁਰਆਨ ਕਰੀਮ ਦਾ ਆਪਣਾ ਚੈਲੰਜ ਹੈ ਕਿ ਜੇਕਰ ਸਮਝਦੇ ਹੋ ਕਿ ਲਿੱਖ ਕੇ ਦਿੱਤਾ ਹੈ ਤਾਂ ਫ਼ਿਰ ਇਸ ਜਿਹੀ ਇਕ ਸੂਰਤ ਹੀ ਲਿਆ ਕੇ ਦਿਖਾਓ।

ਫਿਰ ਭਾਵਨਾਵਾਂ ਦੇ ਸਤਿਕਾਰ ਦਾ ਪ੍ਰਸ਼ਨ ਪੈਦਾ ਹੁੰਦਾ ਹੈ ਤਾਂ ਇਸ ਵਿੱਚ ਵੀ ਆਪ ਸਲਲੱਾਹੁ ਅਲੈਹਿ ਵਸਲੱਮ ਦਾ ਕੋਈ ਸਾਨੀ ਨਹੀਂ । ਇਹ ਜਾਣਦਿਆਂ ਹੋਇਆਂ ਕਿ ਆਪ ਸਾਰਿਆਂ ਨਬੀਆਂ ਤੋਂ ਉਤੱਮ ਹਨ, ਯਹੂਦੀ ਦੇ ਜਜ਼ਬਿਆਂ ਦਾ ਅਦਬ ਕਰਨ ਲਈ ਆਪ ਫ਼ਰਮਾਉਂਦੇ ਹਨ ਕਿ ਮੈਂਨੂੰ ਮੂਸਾ ਉਪੱਰ ਵੱਡਿਆਈ ਨ ਦਿਓ । (ਸਹੀ ਬੁਖ਼ਾਰੀ ਕਿਤਾਬ ਫ਼ਿਲ ਖ਼ਸੂਮਾਤ ਬਾਬ ਮਾ ਯਜ਼ਕੁਰ ਫ਼ਿਲਅਸ਼ਖ਼ਾਸ ਵਲ ਖ਼ਸੂਮਹ ...... ਹਦੀਸ ਨੰ. 2411)

ਗ਼ਰੀਬਾ ਦੀਆਂ ਭਾਵਨਾਵਾਂ ਦਾ ਖ਼ਿਆਲ ਹੈ ਅਤੇ ਉਹਨਾਂ ਦੇ ਮੁਕਾਮ ਦਾ ਆਪਨੇ ਇਸ ਪ੍ਰਕਾਰ ਮਾਨ ਕੀਤਾ ਕਿ ਇਕ ਵਾਰ ਆਪ ਦੇ ਇਕ ਸਹਾਬੀ ਜੋ ਮਾਲਦਾਰ ਸਨ ਉਹ ਦੂਜਿਆਂ ਲੋਕਾਂ ਉਪੱਰ ਆਪਣੀ ਵੱਡਿਆਈ ਪ੍ਰਗਟ ਕਰ ਰਹੇ ਸਨ । ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਮ ਨੇ ਇਹ ਗੱਲ ਸੁਣ ਕੇ ਫ਼ਰਮਾਇਆ ਕਿ ਕੀ ਤੁਸੀਂ ਸਮਝਦੇ ਹੋ ਕਿ ਤੁਹਾਡੀ ਇਹ ਸ਼ਕਤੀ ਤੇ ਬਲ ਅਤੇ ਤੁਹਾਡਾ ਇਹ ਮਾਲ ਤੁਹਾਨੂੰ ਆਪਣੇ ਬੱਲ ਨਾਲ ਮਿਲੇ ਹਨ ? ਅਜਿਹਾ ਕਦੇ ਨਹੀਂ ਹੈ, ਤੁਹਾਡੀ ਕੌਮੀ ਸ਼ਕਤੀ ਅਤੇ ਮਾਲ ਦੀ ਸ਼ਕਤੀ ਸਭ ਗ਼ਰੀਬਾਂ ਰਾਹੀਂ ਹੀ ਆਉਂਦੀ ਹੈ । (ਸਹੀ ਬੁਖ਼ਾਰੀ ਕਿਤਾਬੁਲ ਜਿਹਾਦ ਵ ਸੈਰ ਬਾਬ ਮਨਿਸਤਆਨ ਬਿੱਜ਼ੁਅਫ਼ਾਅ ਵੱਸਾਲਿਹੀਨ ਫ਼ਿਲਹਰਬ ਹਦੀਸ ਨੰ 2896)

ਆਜ਼ਾਦੀ ਦੇ ਇਹ ਦਾਵੇਦਾਰ, ਅੱਜ ਗ਼ਰੀਬਾਂ ਦੇ ਹੱਕ ਕਾਇਮ ਕਰਦੇ ਹਨ । ਉਹਨਾਂ ਦੇ ਹੱਕਾਂ ਦੀ ਰੱਖਿਆ ਲਈ ਜਤਨ ਕਰਦੇ ਹਨ ਅਤੇ ਇਹ ਘੋਸ਼ਣਾ ਕਰਦੇ ਹਨ ਪਰ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਅੱਜ ਤੋਂ ਚੋਦਾਂ ਸੋ ਸਾਲ ਪਹਿਲਾਂ ਇਹ ਕਹਿ ਕੇ ਹੱਕ ਕਾਇਮ ਕਰ ਦਿੱਤਾ ਕਿ ਮਜ਼ਦੂਰ ਦੀ ਮਜ਼ਦੂਰੀ ਉਸਦਾ ਪਸੀਨਾ (ਮੁੜ੍ਹਕਾ) ਸੁਕੱਣ ਤੋਂ ਪਹਿਲਾਂ ਦਿਓ । (ਸੁਨਨ ਇਬਨੇ ਮਾਜਹ ਕਿਤਾਬੁਰ ਰਹੂਨ ਬਾਬ ਅਜਰੁਲ ਅਜਰਾਅ ਹਦੀਸ ਨੰ.2443)

ਸੋ, ਇਹ ਉਸ ਪਰਉਪਕਾਰੀ ਦਾ ਕਿੱਥੋਂ ਤੱਕ ਮੁਕਾਬਲਾ ਕਰਨਗੇ । ਅਸੰਖ ਘਟਨਾਵਾਂ ਹਨ । ਆਚਰਣ ਦਾ ਹਰ ਇਕ ਪੱਖ ਲੈ ਲਓ ਉਸਦੇ ਉਚਤਮ ਨਮੂਨੇ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਵਜੂਦ ਵਿੱਚ ਪ੍ਰਾਪਤ ਹੋਣਗੇ ।

ਫਿਰ ਹੋਰ ਨਹੀਂ ਤਾਂ ਇਹੋ ਅਪਰਾਧ ਲਾ ਦਿੱਤਾ ਕਿ ਆਪ ਨੂੰ ਨਊਜ਼ਬਿਲੱਾਹ (ਰੱਬ ਦੀ ਪਨਾਹ) ਆਪ ਨੂੰ ਇਸਤਰੀਆਂ ਬਹੁਤ ਪਸੰਦ ਸਨ।

ਵਿਆਹਾਂ ਉਪੱਰ ਇਤਰਾਜ਼ ਕੀਤਾ ਤਾਂ ਫ਼ਿਰ ਅਲੱਾਹ ਤਆਲਾ ਨੇ ਉਸਦਾ ਦਾ ਵੀ ਰੱਦ ਫ਼ਰਮਾਇਆ । ਉਸਨੂੰ ਪਤਾ ਸੀ ਕਿ ਅਜਿਹੀਆਂ ਘਟਨਾਵਾਂ ਹੋਣੀਆਂ ਹਨ, ਅਜਿਹੇ ਪ੍ਰਸ਼ਨ ਉਠਣੇ ਹਨ ਤਾਂ ਉਹ ਅਜਿਹੇ ਹਾਲਾਤ ਪੈਦਾ ਕਰ ਦਿੰਦਾ ਸੀ ਕਿ ਉਹਨਾਂ ਗੱਲਾਂ ਦਾ ਰੱਦ ਵੀ ਸਾਹਮਣੇ ਆ ਗਿਆ ।

ਅਸਮਾਅ ਬਿੰਤ ਨੁਅਮਾਨ ਬਿਨ ਅਬੀ ਜੌਨ ਦੇ ਬਾਰੇ ਆਉਂਦਾ ਹੈ ਕਿ ਅਰਬ ਦੀਆਂ ਸੁੰਦਰ ਇਸਤਰੀਆਂ ਵਿੱਚੋਂ ਸਨ । ਉਹ ਜੱਦ ਮਦੀਨਿ ਆਈ ਹਨ ਤਾਂ ਇਸਤਰੀਆਂ ਨੇ ਉਹਨਾਂ ਨੂੰ ਉੱਥੇ ਜਾਕੇ ਦੇਖਿਆ ਤਾਂ ਸਾਰਿਆਂ ਨੇ ਵੱਡਿਆਈ ਕੀਤੀ ਕਿ ਅਜਿਹੀ ਸੁੰਦਰ ਇਸਤਰੀ ਅਸੀਂ ਜੀਵਨ ਵਿੱਚ ਨਹੀ ਦੇਖੀ । ਉਸਦੇ ਪਿਤਾ ਦੀ ਇੱਛਾ ਉਪੱਰ ਆਪ ਨੇ ਉਸ ਨਾਲ ਪੰਜ ਸੌ ਦਿਰਹਮ

ਹੱਕ-ਮਹਿਰ ਉਪੱਰ ਨਿਕਾਹ ਕਰ ਲਿਆ । ਜੱਦ ਆਪ ਉਸਦੇ ਕੋਲ ਗਏ ਤਾਂ ਉਸਨੇ ਕਿਹਾ ਕਿ ਮੈਂ ਆਪ ਤੋਂ ਅਲੱਾਹ ਦੀ ਪਨਾਹ ਮੰਗਦੀ ਹਾਂ, ਆਪ ਸਲਲੱਾਹੁ ਅਲੈਹਿ ਵਸਲੱਮ ਨੇ ਇਹ ਸੁਣ ਕੇ ਫ਼ਰਮਾਇਆ ਕਿ ਤੂੰ ਇਕ ਬਹੁਤ ਹੀ ਮਹਾਨ ਪਨਾਹ ਗਾਹ ਦੀ ਪਨਾਹ ਮੰਗੀ ਹੈ ਅਤੇ ਬਾਹਰ ਆ ਗਏ ਅਤੇ ਆਪਣੇ ਇਕ ਸਹਾਬੀ ਅਬੂ ਉਸੈਦ ਨੂੰ ਫ਼ਰਮਾਇਆ ਕਿ ਇਸ ਨੂੰ ਉਸਦੇ ਘਰ ਵਾਲਿਆਂ ਕੋਲ ਛੱਡ ਆਓ । ਫਿਰ ਇਹ ਵੀ ਇਤਿਹਾਸ ਵਿੱਚ ਹੈ ਕਿ ਇਸ ਵਿਆਹ ਉਪੱਰ ਉਸਦੇ ਘਰ ਵਾਲੇ ਬਹੁਤ ਖ਼ੁਸ਼ ਸਨ ਕਿ ਸਾਡੀ ਪੁਤੱਰੀ ਹਜ਼ਰਤ ਮੁਹਮੱਦ ਸਲਲੱਾਹੁ ਅਲੈਹਿ ਵਸਲੱਮ ਦੇ ਨਿਕਾਹ ਵਿੱਚ ਆਈ ਹੈ ਪਰ ਵਾਪਸ ਆਉਣ ’ਤੇ ਬਹੁਤ ਨਰਾਜ਼ ਹੋਏ ਅਤੇ ਉਸਨੂੰ ਬਹੁਤ ਬੁਰਾ ਭਲਾ ਕਿਹਾ । (ਮਾਖ਼ੂਜ਼ ਅਜ਼ ਤਬਕਾਤੁਲ ਕੁਬਰਾ ਲਿ ਇਬਨੇ ਸਅਦ ਜੁਜ਼ 8 ਸਫ਼ਾ 318-19 ਜ਼ਿਕਰੋਮਨ ਤਜ਼ਵੱਜ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ... ਅਸਮਾਅ ਬਿੰਤੁਲ ਨੁਅਮਾਨ, ਦਾਰੋ ਇਹਯਾਇਤੱਰਾਸੁਲ ਅਰਬੀ, ਬੈਰੂਤ 1996)

ਸੋ, ਇਹ ਉਹ ਮਹਾਨ ਹਸਤੀ ਹੈ ਜਿਸ ਉਪੱਰ ਇਸਤਰੀ ਦੇ ਪੱਖੋਂ ਘਿਨੌਣੇ ਆਰੋਪ ਲਗਾਏ ਜਾਂਦੇ ਹਨ । ਜਿਸਦਾ ਪਤਨੀਆਂ ਕਰਨਾ ਵੀ ਇਸ ਲਈ ਸੀ ਕਿ ਰੱਬ ਦਾ ਹੁਕਮ ਸੀ । ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਤਾ ਲਿੱਖਿਆ ਹੈ ਕਿ ਜੇਕਰ ਪਤਨੀਆਂ ਨਾ ਹੁੰਦੀਆਂ, ਸੰਤਾਨ ਨ ਹੁੰਦੀ ਅਤੇ ਜੋ ਸੰਤਾਨ ਦੇ ਸਬਬ ਔਕੜਾਂ ਆਈਆਂ ਅਤੇ ਜਿੰਨਾਂ ਦਾ ਜਿਵੇਂ ਪ੍ਰਗਟਾ ਕੀਤਾ ਅਤੇ ਫ਼ਿਰ ਪਤਨੀਆਂ ਨਾਲ ਚੰਗਾ ਵਰਤਾਓ ਹੈ, ਆਚਰਣ ਹੈ, ਇਹ ਕਿਵੇਂ ਸਥਾਪਤ ਹੋਵੇ ਅਤੇ ਇਸ ਦੇ ਨਮੂਨੇ ਕਿਵੇਂ ਕਾਇਮ ਹੋਣ ਕਿ ਸਾਨੂੰ ਪਤਾ ਲੱਗੇ । ਆਪ ਜੀ ਦਾ ਹਰ ਅਮਲ (ਕਾਰਜ) ਰੱਬ ਦੀ ਰਜ਼ਾ ਲਈ ਹੁੰਦਾ ਸੀ । (ਚਸ਼ਮਾਏ ਮਾਰਫ਼ਤ ਰੂਹਾਨੀ ਖ਼ਜ਼ਾਇਨ ਭਾਗ 23, ਪੰਨਾ 300)

ਹਜ਼ਰਤ ਆਇਸ਼ਾ ਰਜ਼ੀ ਅਲੱਾਹ ਅਨਹਾ ਦੇ ਬਾਰੇ ਇਹ ਆਰੋਪ ਹੈ ਕਿ ਉਹ ਬਹੁਤ ਲਾਡਲੀ ਸਨ ਅਤੇ ਫਿਰ ਉਮਰ ਦੇ ਹਿਸਾਬ ਨਾਲ ਵੀ ਬਹੁਤ ਗ਼ਲਤ ਗੱਲਾਂ ਕੀਤੀਆਂ ਜਾਂਦੀਆਂ ਹਨ । ਪਰ ਆਇਸ਼ਾ ਰਜ਼ੀ ਅਲੱਾਹ ਅਨਹਾ ਨੂੰ ਆਪ ਫ਼ਰਮਾਉਂਦੇ ਹਨ ਕਿ ਕਈ ਰਾਤਾਂ ਵਿੱਚ ਮੈਂ ਸਾਰੀ ਰਾਤ ਆਪਣੇ ਰੱਬ ਦੀ ਇਬਾਦਤ ਕਰਨਾ ਚਾਹੁੰਦਾ ਹਾਂ, ਜੋ ਮੈਨੂੰ ਸਭ ਤੋਂ ਵੱਧ ਪਿਆਰਾ ਹੈ । (ਦੁੱਰੇ ਮਨਸੂਰ ਫਿੱਤਫ਼ਸੀਰ ਬਿਲਮਾਸੂਰ ਲਿ ਇਮਾਮ ਸਯੂਤੀ ਸੂਰਤ ਦੁਖ਼ਾਨ ਆਇਤ ਨੰ.4 ਸਫ਼ਾ 350 ਦਾਰੋ ਇਹਯਾਇਤੱਰਾਸੁਲ ਅਰਬੀ, ਬੈਰੂਤ 2001ਈ.)

ਇਸ ਲਈ ਜਿੰਨਾਂ ਦੇ ਮਨਾਂ ਵਿੱਚ ਇਹ ਗੰਦ ਭਰੇ ਹੋਏ ਹਨ ਉਹਨਾਂ ਨੇ ਇਹ ਆਰੋਪ ਲਾਉਣੇ ਹਨ ਅਤੇ ਲਾਉਂਦੇ ਰਹੇ ਹਨ । ਭਵਿੱਖ ਵਿੱਚ ਵੀ ਸੰਭਵਤਾ ਅਜਿਹੀਆਂ ਹਰਕਤਾਂ ਕਰਦੇ ਰਹਿਣ । ਜਿਵੇਂ ਕਿ ਮੈਂ ਪਹਿਲਾਂ ਵੀ ਵਰਨਣ ਕਰ ਚੁੱਕਿਆਂ ਹਾਂ । ਪਰ ਅਲਾਹ ਤਆਲਾ ਨੇ ਫ਼ੈਸਲਾ ਕਰ ਲਿਆ ਹੈ ਕਿ ਅਜਿਹੇ ਲੋਕਾਂ ਨਾਲ ਨਰਕ ਨੂੰ ਭਰਦਾ ਰਹੇਗਾ । ਇਸ ਲਈ ਉਹਨਾਂ ਲੋਕਾਂ ਨੂੰ ਅਤੇ ਉਹਨਾਂ ਦੀ ਹਿਮਾਇਤ ਕਰਨ ਵਾਲਿਆਂ ਨੂੰ ਵੀ ਰੱਬ ਦੇ ਅਜ਼ਾਬ (ਦੰਡ) ਤੋਂ ਡਰਦੇ ਰਹਿਣਾ ਚਾਹੀਦਾ ਹੈ । ਜਿਵੇਂ ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਨੇ ਫ਼ਰਮਾਇਆ ਹੈ ਕਿ ਉਹ ਆਪਣੇ ਪਿਆਰਿਆਂ ਲਈ ਬਹੁਤ ਗ਼ੈਰਤ ਰੱਖਦਾ ਹੈ । (ਤਰਯਾਕੁਲ ਕੁਲੂਬ ਰੂਹਾਨੀ ਖ਼ਜ਼ਾਇਨ ਭਾਗ 15, ਪੰਨਾ 378 )

ਇਸ ਯੁੱਗ ਵਿੱਚ ਉਸਨੇ ਆਪਣੇ ਮਸੀਹ ਤੇ ਮਹਦੀ ਨੂੰ ਭੇਜ ਕੇ ਦੁਨੀਆ ਦੇ ਸੁਧਾਰ ਵੱਲ ਧਿਆਨ ਦੁਆਇਆ ਹੈ । ਪਰ ਜੇਕਰ ਹਾਸੇ ਠੱਠੇ ਤੇ ਜ਼ੁਲਮ ਤੋਂ ਨ ਮੁੜੇ ਤਾਂ ਰੱਬ ਦੀ ਪਕੜ ਵੀ ਬਹੁਤ ਸਖ਼ਤ ਹੁੰਦੀ ਹੈ । ਦੁਨੀਆ ਦੇ ਹਰ ਭਾਗ ਵਿੱਚ ਅੱਜ ਕੱਲ੍ਹ ਕੁਦਰਤੀ ਮੁਸੀਬਤਾਂ ਆ ਰਹੀਆਂ ਹਨ । ਹਰ ਪਾਸੇ ਤਬਾਹੀ ਹੈ, ਅਮਰੀਕਾ ਵਿੱਚ ਵੀ ਤੂਫ਼ਾਨ ਆ ਰਹੇ ਹਨ ਅਤੇ ਪਹਿਲਾਂ ਤੋਂ ਵੀ

ਵੱਧਕੇ ਆ ਰਹੇ ਹਨ। ਸਮਾਜੀ ਬਦਹਾਲੀ ਵੱਧ ਰਹੀ ਹੈ । ਗਲੋਬਲ ਵਾਰਮਿੰਗ ਕਰਕੇ ਵੱਸੋਂ ਨੂੰ ਪਾਣੀ ਵਿੱਚ ਡੁਬੱਣ ਦਾ ਖ਼ਤਰਾ ਪੈਦਾ ਹੋ ਰਿਹਾ ਹੈ । ਇਹਨਾਂ ਖ਼ਤਰਿਆਂ ਵਿੱਚ ਘਿਰੇ ਹੋਏ ਹਨ । ਇਸ ਲਈ ਇਹਨਾ ਹੱਦ ਤੋਂ ਵਧੇ ਹੋਇਆਂ ਨੂੰ ਰੱਬ ਵੱਲ ਧਿਆਨ ਦੇਣ ਦੀ ਲੋੜ ਹੈ । ਇਹਨਾਂ ਸਾਰੀਆਂ ਗੱਲਾਂ ਨੂੰ ਰੱਬ ਵੱਲ ਫੇਰਨ ਵਾਲਾ ਹੋਣਾ ਚਾਹੀਦਾ ਹੈ, ਨ ਇਹ ਕਿ ਇਸ ਪ੍ਰਕਾਰ ਦੀਆਂ ਬੇਹੂਦਾ ਗੱਲਾਂ ਵੱਲ ਧਿਆਨ ਦੇਣ । ਪਰ ਬਦਕਿਸਮਤੀ ਨਾਲ ਇਸ ਦੇ ਉਲਟ ਹੋ ਰਿਹਾ ਹੈ । ਹੱਦਾ ਤੋਂ ਬਾਹਰ ਜਾਣ ਦੇ ਜਤਨ ਕੀਤੇ ਜਾ ਰਹੇ ਹਨ । ਜਮਾਨੇ ਦਾ ਇਮਾਮ ਵਰਜਣਾ (ਤੰਬੀਹ) ਕਰ ਚੁੱਕਿਆ ਹੈ ਅਤੇ ਖੁੱਲ੍ਹ ਕੇ ਦੱਸ ਚੁੱਕਿਆ ਹੈ ਕਿ ਦੁਨੀਆ ਨੇ ਜੇਕਰ ਉਸਦੀ ਆਵਾਜ਼ ਉਪੱਰ ਕੰਨ੍ਹ ਨ ਧਰਿਆ ਤਾਂ ਉਹਨਾਂ ਦਾ ਹਰ ਕਦਮ ਦੁਨੀਆ ਨੂੰ ਤਬਾਹੀ ਵੱਲ ਲੈ ਜਾਣ ਵਾਲਾ ਬਣਾਏ ਗਾ ।

ਹਜ਼ਰਤ ਮਸੀਹ ਮਊਦ ਅਲੈਹਿ ਸਲਾਮ ਦਾ ਸੰਦੇਸ਼ ਜੋ ਵਾਰ ਵਾਰ ਦਹੁਰਾਉਣ ਵਾਲਾ ਸੰਦੇਸ਼ ਹੈ ਆਮ ਪੇਸ਼ ਹੁੰਦਾ ਹੈ ਅੱਜ ਫਿਰ ਮੈਂ ਪੇਸ਼ ਕਰਦਾ ਹਾਂ । ਫ਼ਰਮਾਇਆ ਕਿ :–

‘‘ਯਾਦ ਰਹੇ ਕਿ ਮੈਨੂੰ ਰੱਬ ਨੇ ਆਮ ਤੌਰ ’ਤੇ ਭੁਚਾਲਾਂ ਦੀ ਖ਼ਬਰ ਦਿੱਤੀ ਹੈ । ਇਸ ਲਈ ਯਕੀਨ ਜਾਣੋ ਕਿ ਜਿਵੇਂ ਕਿ ਪੇਸ਼ਗੋਈ (ਭਵਿੱਖਬਾਣੀ) ਅਨੁਸਾਰ ਅਮਰੀਕਾ ਵਿੱਚ ਜ਼ਲਜ਼ਲੇ (ਭੂਚਾਲ) ਆਏ ਅਜਿਹਾ ਹੀ ਯੂਰੋਪ ਵਿੱਚ ਵੀ ਆਏ । ਅਤੇ ਏਸ਼ੀਆ ਦੇ ਵੱਖ ਵੱਖ ਖੇਤਰਾਂ ਵਿੱਚ ਆਉਣਗੇ । ਅਤੇ ਕਈ ਉਹਨਾਂ ਵਿੱਚ ਪਰਲੈ(ਕਯਾਮਤ) ਦਾ ਨਮੂਨਾ ਹੋਣਗੇ ਅਤੇ ਇਤਨੀ ਮੌਤ ਹੋਵੇਗੀ ਕਿ ਖ਼ੂਨ ਦੀਆਂ ਨਹਿਰਾਂ ਵਗਣਗੀਆ । ਇਸ ਮੌਤ ਤੋਂ ਪਸ਼ੂ ਪੰਛੀ ਵੀ ਬਾਹਰ ਨਹੀਂ ਹੋਣਗੇ । ਅਤੇ ਧਰਤੀ ਉਪੱਰ ਐਨ੍ਹੀ ਸਖ਼ਤ ਤਬਾਹੀ ਹੋਵੇਗੀ ਕਿ

ਉਸ ਦਿਨ ਤੋਂ ਕਿ ਮਨੁੱਖ ਪੈਦਾ ਹੋਇਆ ਅਜਿਹੀ ਤਬਾਹੀ ਕਦੇ ਨਹੀਂ ਆਈ ਹੋਵੇਗੀ । ਅਤੇ ਅਧਿਕਤਰ ਅਸਥਾਨ ਉਥੱਲ ਪੁਥੱਲ ਹੋ ਜਾਣਗੇ, ਅਤੇ ਇਉਂ ਜਾਪੇਗਾ ਕਿ ਜਾਣੋ ਉਹਨਾਂ ਵਿੱਚ ਕਦੇ ਵੱਸੋਂ ਹੈ ਹੀ ਨਹੀ ਸੀ । ਅਤੇ ਇਸ ਦੇ ਨਾਲ ਹੋਰ ਵੀ ਮੁਸੀਬਤਾਂ ਧਰਤੀ ਤੇ ਆਕਾਸ਼ ਵਿੱਚ ਭਿਆਨਕ ਅਵਸਥਾ ਵਿੱਚ ਪੈਦਾ ਹੋਣਗੀਆਂ ਇੱਥੋਂ ਤੱਕ ਕਿ ਹਰ ਇਕ ਸੂਝਵਾਨ ਦੀ ਦ੍ਰਿਸ਼ਟੀ ਵਿੱਚ ਉਹ ਗੱਲਾ ਗ਼ੈਰ ਮਮੂਲੀ ਹੋਣਗੀਆਂ ਅਤੇ ਭੂਗੋਲ ਤੇ ਫ਼ਲਫ਼ਸੇ ਦੀਆਂ ਕਿਤਾਬਾਂ ਦੇ ਕਿਸੇ ਪੰਨ੍ਹੇ ਉਪੱਰ ਉਹਨਾਂ ਦਾ ਕੁਝ ਪਤਾ ਨਹੀਂ ਮਿਲੇਗਾ । ਉਸ ਸਮੇਂ ਮਨੁੱਖਾਂ ਵਿੱਚ ਚਿੰਤਾ ਪੈਦਾ ਹੋਵੇਗੀ ਕਿ ਇਹ ਕੀ ਹੋਣ ਵਾਲਾ ਹੈ । ਬਥੇਰੇ ਮੁਕਤੀ ਪਾਉਣਗੇ ਅਤੇ ਬਥੇਰੇ ਹਲਾਕ ਹੋ ਜਾਣਗੇ । ਉਹ ਦਿਨ ਨੇੜੇ ਹਨ ਸਗੋਂ ਮੈਂ ਦੇਖਦਾ ਹਾਂ ਕਿ ਬੂਹੇ ਉਪੱਰ ਹਨ ਕਿ ਦੁਨੀਆ ਇਕ ਕਯਾਮਤ ਦਾ ਨਜ਼ਾਰਾ ਦੇਖੇਗੀ ਅਤੇ ਨ ਕੇਵਲ ਭੂਚਾਲ ਸਗੋਂ ਹੋਰ ਵੀ ਡਰਾਉਣ ਵਾਲੀਆਂ ਆਫ਼ਤਾਂ ਪ੍ਰਗਟ ਹੋਣਗੀਆਂ । ਕੁਝ ਆਕਾਸ਼ ਵਿੱਚੋਂ ਅਤੇ ਕੁਝ ਧਰਤੀ ਵਿੱਚੋਂ । ਇਹ ਇਸ ਲਈ ਕਿ ਮਨੁੱਖਾਂ ਨੇ ਰੱਬ ਦੀ ਇਬਾਦਤ ਛੱਡ ਦਿੱਤੀ ਹੈ ਅਤੇ ਸਾਰੇ ਮਨ, ਸਾਰੇ ਹੌਂਸਲੇ ਤੇ ਸਾਰੇ ਵਿਚਾਰਾਂ ਨਾਲ ਦੁਨੀਆ ਉਪੱਰ ਹੀ ਡਿੱਗ ਪਏ ਹਨ । ਜੇਕਰ ਮੈਂ ਨ ਆਇਆ ਹੁੰਦਾ ਤਾਂ ਇਹਨਾਂ ਬਲਾਵਾਂ ਦੇ ਆਉਣ ਵਿੱਚ ਕੁਝ ਦੇਰ ਹੋ ਜਾਂਦੀ, ਪਰ ਮੇਰੇ ਆਉਣ ਨਾਲ ਰੱਬ ਦੇ ਗ਼ਜ਼ਬ ਦੇ ਉਹ ਲੁਕੇ ਹੋਏ ਇਰਾਦੇ ਜੋ ਇਕ ਲੰਮੇ ਸਮੇਂ ਤੋਂ ਗੁਪਤ ਸਨ ਪ੍ਰਗਟ ਹੋ ਗਏ ਸਨ । ਜਿਵੇਂ ਕਿ ਖ਼ੁਦਾ ਨੇ ਫ਼ਰਮਾਇਆ ਵਮਾ ਕੁੰਨਾ ਮੁਅੱਜ਼ੇਬੀਨਾ ਹੱਤਾ ਨਬਆਸਾ ਰਸੂਲਾ (ਬਨੀ ਇਸਰਾਈਲ–16) ਅਤੇ ਤੌਬਾ (ਪਸ਼ਚਾਤਾਪ) ਕਰਨ ਵਾਲੇ ਅਮਾਨ ਪਾਉਣਗੇ ਅਤੇ ਜੋ ਬਲਾ (ਮੁਸੀਬਤ ) ਤੋਂ ਪਹਿਲਾਂ ਡਰਦੇ ਹਨ ਉਹਨਾਂ ’ਤੇ ਰਹਿਮ ਕੀਤਾ ਜਾਵੇਗਾ। ਕੀ ਤੁਸੀਂ ਖ਼ਿਆਲ ਕਰਦੇ ਹੋ ਕਿ ਤੁਸੀਂ ਇਹਨਾਂ ਭੁਚਾਲਾਂ ਤੋਂ ਅਮਨ ਵਿੱਚ ਰਹੋਗੇ ਜਾਂ ਤੁਸੀਂ ਆਪਣੀਆਂ ਵਿਉਂਤਾਂ ਨਾਲ ਆਪਣੇ ਆਪ ਨੂੰ ਬਚਾ ਸਕਦੇ ਹੋ ? ਕਦੇ ਵੀ ਨਹੀਂ ? ਮਨੁੱਖੀ ਕੰਮਾ ਦਾ ਉਸ ਦਿਨ ਖ਼ਾਤਮਾ ਹੋਵੇਗਾ

। ਇਹ ਖ਼ਿਆਲ ਨ ਕਰੋ ਕਿ ਅਮਰੀਕਾ ਅਦਿ ਵਿੱਚ ਸਖ਼ਤ ਭੂਚਾਲ ਆਏ ਅਤੇ ਤੁਹਾਡਾ ਦੇਸ਼ ਸੁਰੱਖਿਅਤ ਹੈ ... ... ਹੇ, ਯੂਰੋਪ ! ਤੂੰ ਵੀ ਅਮਨ ਵਿੱਚ ਨਹੀਂ ਅਤੇ ਹੇ, ਏਸ਼ੀਆ ! ਤੂੰ ਵੀ ਸੁਰੱਖਿਅਤ ਨਹੀਂ ਅਤੇ ਹੇ, ਟਾਪੂਆਂ ਦੇ ਰਹਿਣ ਵਾਲਿਓ ਕੋਈ ਬਨਾਉਟੀ ਰੱਬ ਤੁਹਾਡੀ ਮਦਦ ਨਹੀ ਕਰੇਗਾ । ਮੈਂ ਸ਼ਹਿਰਾਂ ਨੂੰ ਢਹਿੰਦਿਆਂ ਦੇਖਦਾ ਹਾਂ ਅਤੇ ਵੱਸੋਂ ਨੂੰ ਉਜੜਿਆ ਵੇਂਹੰਦਾ ਹਾਂ । ਉਹ ਵਾਹਿਦ ਇੱਕੋ ਇਕ ਖ਼ੁਦਾ ਇਕ ਸਮੇਂ ਤੱਕ ਖ਼ਾਮੋਸ਼ ਰਿਹਾ ਅਤੇ ਉਸਦੀਆਂ ਅੱਖਾਂ ਦੇ ਸਾਹਮਣੇ ਮਕਰੂਹ ਕੰਮ ਕੀਤੇ ਗਏ ਅਤੇ ਉਹ ਚੁੱਪ ਰਿਹਾ । ਪਰ ਉਹ ਹੁਣ ਡਰਾ ਦੇਣ ਵਾਲਾ ਆਪਣਾ ਚਿਹਰਾ ਦਿਖਾਏਗਾ ਜਿਸਦੇ ਸੁਨਣ ਵਾਲੇ ਕੰਨ ਹੋਣ ਉਹ ਸੁਣੇ ਕਿ ਉਹ ਸਮਾਂ ਦੂਰ ਨਹੀਂ । ਮੈਂ ਜਤਨ ਕੀਤਾ ਕਿ ਖ਼ੁਦਾ ਦੇ ਅਮਨ ਅਮਾਨ ਵਿੱਚ ਸਭ ਨੂੰ ਇਕਤੱਰ ਕਰਾਂ, ਪਰ ਜ਼ਰੂਰੀ ਸੀ ਕਿ ਤਕਦੀਰ ਦੇ ਕਥਨ ਪੂਰੇ ਹੁੰਦੇ ......'' ਫ਼ਰਮਾਇਆ, ਨੂਹ ਦਾ ਜ਼ਮਾਨਾ ਤੁਹਾਡੀਆਂ ਅੱਖਾਂ ਦੇ ਸਾਹਮਣੇ ਆ ਜਾਵੇਗਾ ਅਤੇ ਲੂਤ ਦੀ ਧਰਤੀ ਦੀ ਘਟਣਾ ਤੁਸੀਂ ਆਪਣੀਆਂ ਅੱਖਾਂ ਨਾਲ ਦੇਖੋਗੇ, ਪਰ ਰੱਬ, ਖ਼ੁਦਾ ਗ਼ਜ਼ਬ ਵਿੱਚ ਧੀਮਾ ਹੈ। ਤੌਬਾ ਕਰੋ ਤਾਂ ਜੋ ਤੁਹਾਡੇ 'ਤੇ ਰਹਿਮ ਕੀਤਾ ਜਾਵੇ । ਜੋ ਖ਼ੁਦਾ ਨੂੰ ਛਡੱਦਾ ਹੈ ਉਹ ਇਕ ਕੀੜਾ ਹੈ ਨ ਕਿ ਮਨੁੱਖ ਅਤੇ ਜੋ ਉਸ ਤੋਂ ਨਹੀਂ ਡਰਦਾ ਉਹ ਮੁਰਦਾ ਹੈ ਨ ਕਿ ਜੀਉਂਦਾ ।''

(ਹਕੀਕਾਤੁਲ ਵਹੀ ਰੂਹਾਨੀ ਖ਼ਜ਼ਾਇਨ ਭਾਗ 22, ਪੰਨਾ 268-69)

ਅਲੱਾਹ ਤਆਲਾ ਦੁਨੀਆ ਨੂੰ ਵੀ ਸੋਝੀ ਬਖ਼ਸ਼ੇ । ਮਕਰੂਹ ਤੇ ਅਤਿਆਚਾਰੀ ਕੰਮਾ ਤੋਂ ਬਚਣ ਅਤੇ ਸਾਨੂੰ ਵੀ ਰੱਬ ਆਪਣੀਆਂ ਜਿੰਮੇਵਾਰੀਆਂ ਪੂਰੀਆਂ ਕਰਨ ਦਾ ਬਲ ਬਖ਼ਸ਼ੇ ।